ੴ ਸਤਿਗੁਰ ਪ੍ਰਸਾਦਿ॥

# ਪਿਆਰ ਪਰਵਾਨੇ

ਭਾਈ ਸਾਹਿਬ ਭਾਈ ਵੀਰ ਸਿੰਘ

ਭਾਈ ਵੀਰ ਸਿੰਘ ਸਾਹਿਤ ਸਦਨ
ਭਾਈ ਵੀਰ ਸਿੰਘ ਮਾਰਗ, ਗੋਲ ਮਾਰਕਿਟ, ਨਵੀਂ ਦਿੱਲੀ-110 001

**Pyar Parvane**

***Bhai Sahib Bhai Vir Singh***

© ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ

ਨਵੀਂ ਐਡੀਸ਼ਨ ਜੁਲਾਈ, 2008

*ਪ੍ਰਕਾਸ਼ਕ :*
ਭਾਈ ਵੀਰ ਸਿੰਘ ਸਾਹਿਤ ਸਦਨ
ਭਾਈ ਵੀਰ ਸਿੰਘ ਮਾਰਗ
ਨਵੀਂ ਦਿੱਲੀ

***Printer :***
Rasima Printers
1331, Chowk Sangtrashan
Paharganj, New Delhi - 110055

ਮੁੱਲ : **18/-** ਰੁਪਏ

 www.sikhbookclub.com

# ਪ੍ਰਵੇਸ਼ਕਾ

ਭਾਈ ਸਾਹਿਬ ਭਾਈ ਵੀਰ ਸਿੰਘ ਆਧੁਨਿਕ ਪੰਜਾਬੀ ਦੀਆਂ ਉਨ੍ਹਾਂ ਮਹਾਨ ਹਸਤੀਆਂ ਵਿਚੋਂ ਸਨ ਜਿਨ੍ਹਾਂ ਨੇ ਨਾ ਕੇਵਲ ਪੰਜਾਬੀ ਜ਼ੁਬਾਨ ਨੂੰ ਇਕ ਮਾਣਯੋਗ ਸਥਾਨ ਦਿੱਤਾ ਸਗੋਂ ਸਿੱਖ ਕੌਮ ਦੇ ਜੀਵਨ ਵਿਚ ਇਕ ਨਵੀਂ ਰੂਹ ਭਰ ਦਿੱਤੀ। ਉਨ੍ਹਾਂ ਦਾ ਖਿਆਲ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸਾਜੇ ਖਾਲਸੇ ਨੂੰ ਜਿਸਮਾਨੀ ਤੇ ਰੂਹਾਨੀ ਦੋਹਾਂ ਪੱਖਾਂ ਤੇ ਬਲਵਾਨ ਕੀਤਾ ਜਾਵੇ। ਇਸ ਆਸ਼ੇ ਨੂੰ ਮੁੱਖ ਰਖਦਿਆਂ ਸੁੰਦਰੀ, ਸਤਵੰਤ ਕੌਰ, ਬਿਜੈ ਸਿੰਘ, ਬਾਬਾ ਨੌਧ ਸਿੰਘ ਆਦਿ ਰਚਨਾਵਾਂ ਰਚੀਆਂ। ਇਸ ਤੋਂ ਇਲਾਵਾ ਹੋਰ ਮਹਾਨ ਹਸਤੀਆਂ ਦੀਆਂ ਜੀਵਨੀਆਂ ਦੁਆਰਾ ਕੌਮ ਨੂੰ ਉਤਸਾਹਿਤ ਕੀਤਾ। ਉਨ੍ਹਾਂ ਦੁਆਰਾ ਚਲਾਇਆ ਗਿਆ ਹਫ਼ਤਾਵਾਰੀ 'ਖਾਲਸਾ ਸਮਾਚਾਰ' ਪੰਜਾਬ ਦਾ ਇਕੋ-ਇਕ ਅਜਿਹਾ ਪਰਚਾ ਹੈ ਜੋ ਕਿ 1899 ਤੋ ਨਿਰਵਿਘਨ ਚਲ ਰਿਹਾ ਹੈ। ਇਸ ਪਰਚੇ ਰਾਹੀ ਭਾਈ ਵੀਰ ਸਿੰਘ ਜੀ ਨੇ 'ਸੰਤ ਗਾਥਾ' ਤੇ 'ਬੀਰ ਦਰਸ਼ਨ' ਦੇ ਸਿਰਲੇਖ ਹੇਠ ਕੁਝ ਮਹਾਨ ਕਰਨੀਆਂ ਵਾਲੇ, ਮਹਾਨ ਯੋਧੇ ਤੇ ਕੌਮ ਨੂੰ ਪਿਆਰ ਕਰਨ ਵਾਲਿਆਂ ਦੇ ਕਾਰਨਾਮੇ ਆਪਣੇ ਪਾਠਕਾਂ ਤਕ ਪਹੁੰਚਾਏ। 'ਖਾਲਸਾ ਸਮਾਚਾਰ' ਵਿਚ ਛਪੇ ਕੁਝ ਲੇਖ 'ਪਿਆਰ ਪਰਵਾਨੇ' ਸਿਰਲੇਖ ਹੇਠ ਪਹਿਲੀ ਵਾਰ 1876 ਵਿਚ ਪੁਸਤਕ ਰੂਪ ਵਿਚ ਛਾਪੇ ਗਏ। ਪਾਠਕਾਂ ਦੀ ਮੰਗ ਨੂੰ ਮੁੱਖ ਰਖਦੇ ਹੋਏ ਨਵੀਂ ਐਡੀਸ਼ਨ ਛਾਪਣ ਦੀ ਖੁਸ਼ੀ ਲੈ ਰਹੇ ਹਾਂ।

ਨਵੀਂ ਦਿੱਲੀ-110 001

ਰਣਬੀਰ ਕੌਰ ਢਿੱਲੋਂ
ਇੰਚਾਰਜ ਪ੍ਰਧਾਨ

 www.sikhbookclub.com

ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ।।

## ੧. ਸੁਹਣਿਆਂ ਦਾ ਸੁਲਤਾਨ ਤੇ ਸੰਤ ਮੰਡਲੀ

ਇਕ ਸਫਰ ਵਿਚ ਇਕ ਥਾਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਪਾਸ ਕੁਛ ਸੰਤ ਆ ਹਾਜ਼ਰ ਹੋਏ, ਏਹ ਸਾਰੇ ਸਨ ਤਾਂ ਪਰਮੇਸੁਰ ਦੇ ਸ਼ੌਕ ਵਾਲੇ, ਪੂਜਾ ਤਪ ਕਰਦੇ ਸਨ, ਪੜ੍ਹੇ ਵੀ ਚੰਗੇ ਹੋਏ ਸਨ। ਤੀਰਥ ਯਾਤ੍ਰਾ ਬੀ ਕੀਤੀ ਹੋਈ ਸਾਨੇ, ਕੁਛ ਕੁ ਭਗਤੀ ਵਿਚ ਬੀ ਸਨ, ਪਰ ਸੰਸੇ ਬਿਰਤੀ ਸੀ ਕਿਓ ਜੋ ਸਭ ਕੁਛ ਕਰ ਕਰਾ ਕੇ ਸੀਨੇ ਠੰਢ ਨਹੀਂ ਸੀ ਵਰਤੀ ਹੋਈ। ਸ੍ਰੀ ਗੁਰੂ ਜੀ ਦੇ ਪਾਸ ਕੁਛ ਸਮਾਂ ਬੈਠੇ ਰਹੇ। ਸੁਹਣੇ ਦਾਤਾ ਜੀ ਨਾਮ ਦਾ ਉਪਦੇਸ਼ ਕਰ ਰਹੇ ਸਨ। ਜਦ ਆਪ ਜੀ ਚੁਪ ਹੋ ਗਏ ਤੇ ਆਏ ਲੋਕੀ ਤੁਰ ਗਏ ਤਾਂ ਸੰਤਾਂ ਵਿਚੋਂ ਇਕ ਨੇ ਪ੍ਰਸ਼ਨ ਕੀਤਾ:- ਆਪਦੇ ਬਚਨ ਸੁਖਦਾਈ ਤੇ ਮੋਖ ਦਾਤੇ ਹਨ। ਕੁਛ ਸੰਸੇ ਹਨ ਆਗਿਆ ਕਰੋ ਤਾਂ ਬੇਨਤੀ ਕਰੀਏ। ਸੰਸੇ ਨਵਿਰਤੀ ਕਰਨੀ ਹੈ, ਚਰਚਾ ਵਾਦ ਪ੍ਰਯੋਜਨ ਨਹੀ ਹੈ ਤਾਂ ਸਤਿਗੁਰੂ ਜੀ ਨੇ ਫੁਰਮਾਇਆ: ਜੀ ਸਦਕੇ ਉਪਜੇ ਸੰਸੇ ਦੱਸੋ। ਪਰਮੇਸੁਰ ਚਾਹੇ ਤਾਂ ਸੰਸੇ ਦੂਰ ਖਿਨ ਵਿਚ ਕਰ ਦੇਂਦਾ ਹੈ। ਤਦ ਸੰਤ ਨੇ ਕਿਹਾ:-

ਆਪ ਨੇ ਨਾਮ ਦੀ ਮਹਿਮਾ ਕਹੀ ਹੈ। ਪਰਜਾ ਯੱਗ, ਹੋਮ, ਪੁੰਨ ਦਾਨ, ਤਪ ਤੇ ਪੂਜਾ ਕਰਦੇ ਹਨ, ਉਨ੍ਹਾਂ ਦੀ ਮੁਕਤੀ ਹੋਵੇਗੀ ਕਿ ਨਹੀਂ, ਅਥਵਾ ਜੋ ਨਾਮ ਜਪਦੇ ਹਨ, ਉਨ੍ਹਾਂ ਨੂੰ ਇਨ੍ਹਾਂ ਸਭ ਕਰਮਾਂ ਦੀ ਜੋ ਲਿਖੇ ਹਨ ਕਰਨੇ ਦੀ ਲੋੜ ਹੈ ਕਿ ਨਹੀਂ? ਸ੍ਰੀ ਗੁਰੂ ਜੀ ਬੋਲੇ:- ਭਾਈ ਜੋ ਨਾਮ ਸਿਮਰਦੇ ਹਨ ਉਨ੍ਹਾਂ ਨੂੰ ਯਗ, ਹੋਮ, ਪੁੰਨਦਾਨ, ਪੂਜਾ ਆਦਿ ਕਰਮਾਂ ਦੇ ਕਰਨੇ ਦੀ ਕੋਈ ਲੋੜ ਨਹੀਂ ਰਹਿ ਜਾਂਦੀ। ਕਿਉਂਕਿ ਨਾਮ ਦਾ ਸਿਮਰਨ ਨਿਰੰਕਾਰ ਨਾਲ ਸਿੱਧਾ ਜੋੜ ਦੇਂਦਾ ਹੈ, ਉਸ ਨਾਲ ਜੁੜ ਜਾਣਾ ਮੁਕਤੀ ਹੈ। ਏਹ ਜੋ ਕਰਮ ਤੁਸਾਂ ਨੇ ਕਹੇ ਹਨ ਇਨ੍ਹਾਂ ਨਾਲ ਸਰੀਰ ਨੂੰ ਖੇਚਲ ਹੁੰਦੀ ਹੈ, ਸਰੀਰ ਨੂੰ ਖੇਦ ਵੀ ਪਹੁੰਚਦੇ ਹੈਨ। ਫੇਰ ਧਯਾਨ ਇਨ੍ਹਾਂ ਕਰਮਾਂ ਵਿਚ ਰਹਿੰਦਾ ਹੈ ਕਿ ਠੀਕ ਹੋਏ ਕਿ ਨਹੀਂ। ਫੇਰ ਜਿਤਨੇ ਕਰਮ ਹਨ ਹਉ ਦੇ ਆਸਰੇ ਕਰੀਦੇ ਹਨ, ਕਰਮਾਂ ਨਾਲ ਹਉ ਵਧਦੀ ਹੈ ਘਟਦੀ ਨਹੀਂ। ਤੇ ਹਉ ਹੀ ਪਰਦਾ ਹੈ, ਸਾਡੇ ਤੇ ਕਰਤਾਰ ਦੇ ਵਿਚਾਲੇ। ਫਿਰ

ਇਹ ਯਗ ਆਦਿ ਕਰਮ ਬਿਨਾਂ ਪਦਾਰਥਾਂ ਦੇ ਹੁੰਦੇ ਵੀ ਨਹੀਂ। ਹਰ ਕਿਸੇ ਪਾਸ ਪਦਾਰਥ ਨਹੀਂ ਹੁੰਦੇ। ਸਭੋ ਕੁਛ ਕਰ ਕਰਾਕੇ ਮਨ ਦਾ ਧੂਵਾ ਸਾਈ ਵਿਚ ਸਿਧਾ ਨਹੀਂ ਬਝਦਾ। ਇਸ ਕਰਕੇ ਇਨ੍ਹਾਂ ਦੀ ਲੋੜ ਕੋਈ ਨਹੀਂ ਨਾਮ ਦੇ ਅਭਿਆਸੀ ਨੂੰ।

ਨਾਮ ਸਿੱਧਾ ਨਿਰੰਕਾਰ ਦਾ ਧਯਾਨੀ ਬਣਾ ਦੇਂਦਾ ਹੈ, ਜੋ ਮੁਕਤੀ ਨਿਰੰਕਾਰ ਦੇ ਪਾਸ ਹੈ ਸੋ ਮੁਕਤੀ ਨਾਮ ਨਾਲ ਹੁੰਦੀ ਹੈ। ਤੇ ਨਾਮ ਗੁਰੂ ਦੁਆਰਾ ਪ੍ਰਾਪਤ ਹੁੰਦਾ ਹੈ, ਨਾਮ ਨੂੰ ਲੈ ਕੇ ਜੋ ਮਨ ਜੋੜਕੇ ਤੇ ਸੁਧ ਕਰਕੇ ਸਿਮਰਦਾ ਹੈ ਮੁਕਤ ਹੁੰਦਾ ਹੈ, ਜੋ ਨਾਮ ਨਹੀਂ ਜਪਦੇ ਮੁਕਤ ਨਹੀਂ ਹੁੰਦੇ ਓਹ ਜਨਮਦੇ ਮਰਦੇ ਰਹਿੰਦੇ ਹਨ ਉਨ੍ਹਾਂ ਦੇ ਬਾਰ ਬਾਰ ਮਿਲੇ ਮਨੁਖਾ ਜਨਮ ਬਿਰਥੇ ਜਾਂਦੇ ਹਨ। ਕਿਉਂਕਿ ਉਨਾਂ ਦਾ ਖਾਨਪਾਨ, ਪਹਨਨ, ਬੋਲਨ, ਕਰਨ ਸਭ ਮਾਯਾ ਵਿਚ ਹੁੰਦਾ ਹੈ। ਮਾਯਾ ਵਾਲੇ ਮਨ ਨੂੰ ਭ੍ਰਮਨ ਹੀ ਭ੍ਰਮਨ ਪ੍ਰਾਪਤ ਹੁੰਦਾ ਹੈ, ਮੁਕਤੀ ਨਹੀਂ ਮਿਲਦੀ।

**ਫਿਰ ਸੰਤ ਨੇ ਪੁਛਿਆ**:- ਜੋ ਲੋਕ ਤ੍ਰੈਕਾਲ ਸੰਧਿਆ ਕਰਦੇ ਹਨ। ਵਯਾਕਰਣ ਆਦਿ ਪੜਕੇ ਵੇਦਾਂ ਸਾਸਤ੍ਰਾਂ ਦੇ ਪੰਡਿਤ ਹੋ ਜਾਂਦੇ ਹਨ। ਕਿਆ ਓਹ ਮੁਕਤੀ ਨੂੰ ਪ੍ਰਾਪਤ ਹੋਣਗੇ?

**ਸ੍ਰੀ ਗੁਰੂ ਜੀ ਬੋਲੇ**:- ਨਿਰੇ ਇਤਨੇ ਕਰਨੇ ਨਾਲ ਮੁਕਤੀ ਨਹੀਂ। ਏਹ ਗਲਾਂ ਕਰੇ ਪਰ ਜੇ ਮੁਕਤੀ ਦੀ ਲੋੜ ਹੋਵੇ ਤਾਂ ਨਿਰੰਕਾਰ ਦਾ ਨਾਮ ਲੈਕੇ ਮਨ ਨੂੰ ਚਰਨ ਕਮਲਾਂ ਵਿਚ ਜੋੜੇ। ਨਹੀਂ ਤਾਂ ਭਾਈ ਸ਼ਾਸਤ੍ਰ ਬਨ ਹੈ ਇਨ੍ਹਾਂ ਵਿਚ ਗੁਆਚ ਜਾਣ ਦਾ ਵੀ ਡਰ ਹੁੰਦਾ ਹੈ। ਵਿਦਯਾ ਦੀਆਂ ਡੂੰਘਾਈਆਂ ਉਲਝਨਾਂ ਵਿਚ ਪਾ ਦੇਂਦੀਆਂ ਹਨ। ਸਾਫ, ਸ਼ੁੱਧ, ਨਿਸ ਭ੍ਰਮ, ਸੰਸੇ ਰਹਿਤ ਅਵਸਥਾ ਨੂੰ ਕਉਣ ਪਹੁੰਚਦਾ ਹੈ? ਨਜ਼ਰ ਪਸਾਰ ਕੇ ਤੇ ਮਿਲ ਮਿਲਕੇ ਪੰਡਿਤਾਂ ਵਿਦਵਾਨਾਂ ਨੂੰ ਵੇਖ ਲਓ। ਸੰਸੇ ਬ੍ਰਿਤੀ ਖੋਕੇ, ਨਿਸਚੇ ਦੇ ਘਰ ਲਿਜਾਕੇ, ਪਰਮਾਤਮ ਦੇਵ ਨਾਲ ਜੋੜ ਦੇਣ ਵਾਲਾ ਉਸੇ ਮੁਕਤੀ ਦਾਤਾ ਪ੍ਰਭੂ ਦਾ ਨਾਮ ਹੈ।

**ਸੰਤ ਜੀ**:- ਇਹ ਜੋ ਸਨਯਾਸੀ ਲੋਕ ਡੰਡ ਕਮੰਡਲ ਲੈ ਕੇ ਹੋਰ ਸਭ ਕੁਛ ਤਿਆਗ ਕੇ ਤੀਰਥਾਂ ਤੇ ਫਿਰਦੇ ਮਿਲਦੇ ਹਨ ਤੇ ਗ੍ਰਿਹਸਤੀ ਜੋ ਸਿਖਾ, ਜਨੇਊ ਧਾਰਨ ਕਰਕੇ, ਧੋਤੀ ਖਾਸ ਤਰਾਂ ਪਹਨਕੇ ਸਮਝਦੇ ਹਨ ਕਿ ਹੁਣ ਮੁਕਤ ਹੋ ਗਏ ਤਾਂ ਕਿਆ ਇਹ ਠੀਕ ਹੈ?

**ਸ੍ਰੀ ਗੁਰੂ ਜੀ**:- ਕਿਸੇ ਗਲ ਦੇ ਅਸੀ ਵਿਰੋਧੀ ਨਹੀਂ, ਨਾ ਐਵੇਂ ਪੱਖੀ ਹਾਂ। ਅਸੀਂ ਤਾਂ ਇਹ ਆਖਦੇ ਹਾਂ ਕਿ ਇਹ ਸਾਰਾ ਕੁਛ ਕਰਦਿਆਂ ਜੋ ਤੁਸਾਂ ਕਿਹਾ ਹੈ ਮਨ ਅਪਨੀਆਂ ਉਡਾਰੀਆਂ ਵਿਚ ਰਹਿੰਦਾ ਹੈ ਤੇ ਹਉ ਵਧਦੀ ਹੈ ਕਿ ਮੈਂ ਆਹ ਕਰ ਲਿਆ ਹੈ ਮੈਂ ਆਹ ਕਰ ਲਿਆ ਹੈ। ਤਦ ਦਸੋ ਮੁਕਤੀ ਕਿਸ ਤਰਾਂ ਹਥ ਆਵੇ। ਜੋ ਕੁਛ ਕਰਨਾ ਹੈ ਹਉ ਮਾਰਨ ਵਾਸਤੇ। ਹਉ ਇਨ੍ਹੀ ਗੱਲੀਂ ਮਰਦੀ ਨਹੀਂ। ਇਸ ਲਈ ਹੇ ਭਲਿਓ ਲੋਕੋ ! ਹਰੀ ਦਾ ਨਾਮ ਜਪੋ, ਜੋ ਥਾਓਂ ਆਵੇ, ਮਨ ਭੱਜਣੋਂ ਡਿਗਣੋ ਟਿਕੇ ਇਕ ਨਿਰੰਕਾਰ ਦੀ ਲਿਵ ਵਿਚ ਆਵੇ ਤਦ ਜੀਵ ਇਸ ਭੈਜਲ ਰੂਪੀ ਸੰਸਾਰ ਤੋਂ ਪਾਰ ਹੋ ਜਾਵੇ।

ਤੁਸੀਂ ਨਜਰ ਪਸਾਰ ਕੇ ਤਕੋ ਕਈ ਲੋਕ ਘਰ ਬਾਰ ਛਡਕੇ ਜਟਾਂ ਵਧਾਉਂਦੇ ਹਨ, ਸੁਆਹ ਪਾ ਕੇ ਉਨ੍ਹਾਂ ਦੀ ਜਤ ਬਣਾ ਲੈਂਦੇ ਹਨ ਕਦੇ ਸਿਰ ਫੇਰ ਨਹੀਂ ਧੋ ਸਕਦੇ। ਸਰੀਰ ਤੇ ਵੀ ਸੁਆਹ ਮਲਦੇ ਹਨ ਕਿ ਪਾਲਾ ਗਰਮੀ ਘਟ ਲੱਗੇ, ਮਛਰ ਘਟ ਡੰਗੇ, ਸੋ ਕਪੜੇ ਛੋੜਨ ਦਾ ਕੀ ਲਾਭ ਹੋਇਆ ਜੋ ਬਨਾਂ ਵਿਚ ਜਾ ਕੇ ਹੋਰ ਤਰਲੇ ਲੈਣੇ ਪਏ। ਓਹ ਲੋਕ ਦਸੋ ਮੁਕਤੀ ਮਾਰਗ ਦਾ ਕੀਹ ਕਰ ਰਹੇ ਹਨ, ਦੇਹੀ ਨੂੰ ਦੁਖ ਦੇ ਰਹੇ ਉਸਨੂੰ ਸੀਤ ਸਹਿਣ ਦੀ ਤਤਿਖਯਾ ਸਿਖਾ ਰਹੇ ਹਨ। ਮਨ ਦੀ ਸੋਧ 'ਹਰੇ ਰਾਮ' ਦੀ ਨਹੀਂ ਹੈ। ਯਗ ਕੀਤੇ ਤੇ ਕੀਤੀ ਤਤਿਖਯਾ ਦਾ ਅਭਿਮਾਨ ਮਨ ਵਿਚ ਵਿਦਮਾਨ ਹੈ। ਫੇਰ ਕੁਛ ਕਾਲ ਬਨਾਂ ਵਿਚ ਰਹਿਕੇ ਫਿਰ ਨਿਕਲਦੇ ਹਨ। ਤੀਰਥੀਂ ਆਕੇ ਲੋਕਾਂ ਨੂੰ ਮਿਲਦੇ ਹਨ। ਅਪਨਾ ਮਾਨ ਵਧਾਉਂਦੇ ਹਨ। ਕਿਉਂਕਿ ਬਨ ਵਿਚ ਤਤਿਖਯਾ ਕਰਦਿਆਂ ਮਨ ਵਿਚ ਤ੍ਰਿਪਤੀ ਨਹੀਂ ਸੀ ਆਈ। ਅਤ੍ਰਿਪਤ ਮਨ ਕਿਵੇਂ ਮੁਕਤ ਹੋ ਸੁਕਦਾ ਹੈ। ਇਹ ਤਾਂ ਸੰਤ ਜੀ ਜੋ ਕਰਮ ਕਰ ਚੁਕੇ ਹਾਂ, ਹੁਣ ਕਿ ਪਹਿਲੋਂ, ਉਨ੍ਹਾਂ ਦੇ ਅੰਦਰ ਸੰਸਕਾਰ ਪਏ ਹੋਏ ਹਨ, ਓਹ ਸੰਸਕਾਰ ਅਤ੍ਰਿਪਤੀ ਦੇ ਹਨ, ਉਨਾਂ ਨੂੰ ਹਉ ਦੇ ਕਰਮ ਕਟ ਨਹੀਂ ਸਕਦੇ, ਚਾਹੇ ਕੋਈ ਕਰਮ ਪਏ ਕਰੋ। ਅੰਦਰਲੇ ਸੰਸਕਾਰ ਲਈ ਫਿਰਦੇ ਹਨ। ਚੱਕਰ ਵਿਚ ਗ੍ਰਹਸਤੀ ਨੂੰ ਬੀ ਤੇ ਭੇਖੀ ਨੂੰ ਬੀ ਭੇਖਾਂ ਵਿਚ ਪਏ ਭੁਆਉਂਦੇ ਹਨ। ਬਿਨਾਂ ਹਰੀ ਨੂੰ, ਰਾਮ ਨੂੰ, ਨਿਰੰਕਾਰ ਨੂੰ ਪ੍ਰਾਪਤੀ ਦਾ ਨਿਸ਼ਾਨਾ ਬਣਾਕੇ, ਅਪਨੇ ਪਿਆਰ, ਧਯਾਨ ਦਾ ਧ੍ਰੁਵਾ ਬੰਨਕੇ ਉਸਦਾ ਨਾਮ ਸਿਮਰਿਆਂ, ਉਸਦੀ ਯਾਦ ਵਿਚ ਵਸਦਿਆਂ, ਉਸਦੀ ਹਜੂਰੀ ਵਿਚ ਤੁਰਦਿਆਂ ਤ੍ਰਿਪਤੀ ਨਹੀਂ ਆਉਂਦੀ, ਅਗਨੀ ਵਿਚ ਲਕੜੀ ਪਾਇਆਂ ਅਗਨੀ ਵਧਣੀ ਹੈ। ਹਰੀ ਨਾਮ ਨੇ

ਤ੍ਰਿਸ਼ਨਾ ਦੀ ਅਗ ਮੇਟਣੀ ਹੈ, ਸ਼ਾਂਤੀ ਲਿਆਉਣੀ ਹੈ, ਨਾਮੀ ਨਾਲ ਮੇਲਣਾ ਹੈ। ਅਪਨੇ ਸੋਮੇ ਨਾਲ ਮਿਲਕੇ ਤ੍ਰਿਪਤੀ ਆਉਣੀ ਹੈ, ਜਿਵੇਂ ਨਦੀ ਥਲਾਂ ਵਿਚ ਭਟਕਦੀ ਸ਼ਾਂਤੀ ਨਹੀਂ ਪ੍ਰਾਪਤ ਕਰਦੀ ਸਾਗਰ ਨੂੰ ਮਿਲਕੇ ਤ੍ਰਿਪਤ ਹੁੰਦੀ ਹੈ। ਸੰਤ ਜੀ ਸੁਰਤਰੂਪੀ ਨਦੀ ਦੀ ਧਾਈ ਕਰਤਾਰ ਵਲ ਪਾਏ ਰਖਣ ਦੀ ਜਾਚ ਵਿਚ ਜੀਵਨ ਨੂੰ ਲੈ ਆਓ। ਪਰ ਇਕ ਭੁਲੇਵਾ ਨਾ ਖਾਣਾ ਉਚਾ ਸੁੱਚਾ ਆਚਰਨ ਰਖਣਾ, ਵਿਕਾਰਾਂ ਤੋਂ ਬਚਣਾ। ਸਰਬਤ ਦਾ ਭਲਾ ਚਿਤਵਨਾ ਏਹ ਸ਼ੁਭ ਕਰਮ ਕਦੇ ਨਹੀਂ ਤਿਆਗਣੇ।

ਮੈਂ ਤੁਸਾਨੂੰ ਕਿਉਂ ਉਪਦੇਸ਼ ਕਰਾਂ ! ਤੁਸਾਂ ਪੁਛਿਆ ਹੈ ਮੈਂ ਉੱਤਰ ਦੇ ਦਿੱਤੇ ਹਨ। ਸੱਚ ਜੀਵਨ ਹੈ, ਸੱਚ ਆਸਾ ਹੈ, ਸੱਚ ਆਦਿ ਹੈ ਸੱਚ ਅੰਤ ਹੈ, ਸੋ ਥੋੜਾ ਉਪਦੇਸ ਦੇ ਦਿਤਾ ਹੈ ਬਾਕੀ ਮੇਰਾ ਜੀਵਨ ਕੀ ਹੈ- ਅਰਦਾਸ। ਇਹ ਆਖਦੇ ਆਪਦੇ ਨੈਣ ਮਿਟ ਗਏ, ਹੱਥ ਜੁੜ ਗਏ ਤੇ ਅਰਦਾਸ ਵਿਚ ਪੈ ਗਏ। ਅਵਾਜ ਆਈ :-

ਹੇ ਕਰਤਾ ਪੁਰਖ ! ਹੇ ਨਿਰੰਕਾਰ ! ਹੇ ਸਾਰੇ ਜਲ ਥਲ ਤੇ ਜੀਵਾਂ ਅਜੀਵਾਂ ਵਿਚ ਵਿਆਪਕ ਮਿਹਰ ਪੁੰਜ ਜਾਓ ! ਤੁਸੀਂ ਹਰ ਜੀਵ ਦੇ ਅੰਦਰ ਹੋ, ਆਪ ਪ੍ਰੇਰਨਾ ਕਰੋ ਸਭ ਨੂੰ ਕਿ ਆਪ ਨਾਲ ਲਗ ਪੈਣ। ਮੈਂ ਦਾਸ ਨੂੰ ਰਖ ਲਓ, ਅਪਨੀ ਮਿਹਰ ਦਾ ਸਦਕਾ ਬਚਾ ਲਓ ਮਾਇਆ ਤੇ ਹਉ ਦੇ ਕੁਫੇਰਾਂ ਤੋਂ, ਹਾਂ ਗੁਰੂ ਦੀ ਕ੍ਰਿਪਾ ਦੁਆਰਾ ਮੈਨੂੰ ਨਾਮ ਵਿਚ ਲਾ ਲਓ ਹਰੀ ਨਾਮ ਦੁਆਰਾ ਆਪਣਾ ਹਰੀ ਰਸ ਬਖਸ਼ੋ। ਤੇ ਇਹ ਹੇ ਹਰੇ ਹੇ ਰਾਮ ਹੇ ਕਰਤਾਰ ਇਹ ਦਾਸ ਨਾਨਕ ਆਪਣੇ ਪਿਰਮ ਰਸ ਨੂੰ ਪੀਂਦਾ ਰਹੇ। ਧੰਨ ਨਿਰੰਕਾਰ, ਧੰਨ ਨਿਰੰਕਾਰ।

ਇਹ ਉਚਾਰਦੇ ਕਿਤਨਾ ਚਿਰ ਹਰੀ ਰੰਗ ਮੱਤੇ ਬੈਠੇ ਰਹੇ। ਜਦ ਹਰੀ ਰੰਗ ਮੱਤੇ ਨੈਣ ਖੁਲੇ ਤਾਂ ਸੰਤਾਂ ਤੇ ਮਿਹਰ ਦੀ ਨਜਰ ਪਈ। ਓਹ ਸਾਰੇ ਚਰਨੀ ਢੇ ਪਏਂ। ਆਖਣ ਲਗੇ- ਤ੍ਰਾਹਿਮਾਂ ਤ੍ਰਾਹਿਮਾਂ, ਰਸ, ਰਸ। ਪਾਹਿਮਾਂ, ਪਾਹਿਮਾਂ। ਤਦ ਗੁਰੂ ਮਿਹਰਾਂ ਵਾਲਾ ਮਿਹਰਾਂ ਦੇ ਘਰ ਵਸਦਾ ਹੋਰ ਮੇਹਰ ਵਿਚ ਆਇਆ। ਸਾਰਿਆਂ ਨੂੰ ਨਾਮਦਾਨ ਦਿਤਾ। ਵਾਹਿਗੁਰੂ ਦੇ ਨਾਮ ਵਿਚ ਬਰਕਤਾਂ ਵਾਲੀ ਸ਼ਾਰਤ ਲਾ ਦਿਤੀ। ਸਾਰੇ ਨਾਮ ਧਾਰਨ ਕਰਕੇ ਗੁਰੂ ਕੇ ਸਿੱਖ ਹੋਏ ਤੇ ਲਗ ਪਏ ਸਿੱਧੇ ਲਿਵ ਦੇ ਰਸਤੇ ਜੋ ਪਹੁੰਚਾ ਦੇਂਦਾ ਹੈ ਵਾਹਿਗੁਰੂ ਦੀ ਚਰਣ ਸ਼ਰਣ। ਓਹ ਸੰਤ ਜੋ ਅਗੇ ਹੀ ਅਭਿਯਾਸੀ ਸਨ ਤੇ ਸੁਣਕੇ ਉਪਦੇਸ਼ ਤੁਰ ਪਏ ਭਵ ਸਾਗਰ ਤਰਨ ਦੇ ਰਸਤੇ, ਪਰ

ਜੋ ਉਪਦੇਸ਼ ਉਨ੍ਹਾਂ ਨੂੰ ਮਿਲਿਆ ਸੀ, ਸੋ ਉਨ੍ਹਾਂ ਪਰ ਹੀ ਸਾਰਾ ਖਰਚ ਨਹੀਂ ਹੋ ਗਿਆ। ਸਾਡੇ ਸਾਰਿਆਂ ਦੇ ਸਦੀਵ ਭਲੇ ਦੀ ਸੇਧ ਬਣ ਗਿਆ। ਮਿਹਰਾਂ ਦੇ ਸਾਈਂ ਨੇ ਉਹ ਉਪਦੇਸ਼ ਇਕ ਸ਼ਬਦ ਵਿਚ ਲਿਖ ਦਿਤਾ। ਜੋ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪਵਿਤ੍ਰ ਬੀੜ ਵਿਚ ਚਾੜ੍ਹਿਆ ਤੇ ਜਿਸਦਾ ਪਾਠ ਐਉਂ ਹੈ:-

*ਜਗਨ ਹੋਮ ਪੁੰਨ ਤਪ ਪੂਜਾ ਦੇਹ ਦੁਖੀ ਨਿਤ ਦੂਖ ਸਹੈ।। ਰਾਮ ਨਾਮ ਬਿਨੁ ਮੁਕਤਿ ਨ ਪਾਵਸਿ ਮੁਕਤਿ ਨਾਮਿ ਗੁਰਮੁਖਿ ਲਹੈ।।੧।। ਰਾਮਨਾਮ ਬਿਨੁ ਬਿਰਥੇ ਜਗਿ ਜਨਮਾ। ਬਿਖੁ ਖਾਵੈ ਬਿਖੁ ਬੋਲੀ ਬੋਲੈ ਬਿਨੁ ਨਾਵੈ ਨਿਹਫਲ ਮਰਿ ਭ੍ਰਮਨਾ।।੧।।ਰਹਾਉ।। ਪੁਸਤਕ ਪਾਠ ਬਿਆਕਰਣ ਵਖਾਣੈ ਸੰਧਿਆ ਕਰਮ ਤਿਕਾਲ ਕਰੈ।। ਬਿਨੁ ਗੁਰ ਸਬਦ ਮੁਕਤਿ ਕਹਾ ਪ੍ਰਾਣੀ ਰਾਮ ਨਾਮ ਬਿਨੁ ਉਰਝਿ ਮਰੈ।।੨।।ਡੰਡ ਕਮੰਡਲ ਸਿਖਾ ਸੂਤੁ ਧੋਤੀ ਤੀਰਥਿ ਗਵਨੁਅਤਿ ਭ੍ਰਮਨੁ ਕਰੈ।। ਰਾਮਨਾਮ ਬਿਨੁ ਸਾਂਤਿ ਨ ਆਵੈ ਜਪਿ ਹਰਿ ਹਰਿ ਨਾਮੁ ਸੁ ਪਾਰਿ ਪਰੈ।।੩।।ਜਟਾ ਮੁਕਟੁ ਤਨਿ ਭਸਮ ਲਗਾਈ ਬਸਤ੍ਰ ਛੋਡਿ ਤਨਿ ਨਗਨੁ ਭਇਆ।। ਰਾਮਨਾਮ ਬਿਨੁ ਤ੍ਰਿਪਤਿ ਨ ਆਵੈ ਕਿਰਤ ਕੈ ਬਾਂਧੈ ਭੇਖੁ ਭਇਆ।।੪।।ਜੇਤੇ ਜੀਅ ਜੰਤ ਜਲਿ ਥਲਿ ਮਹੀਅਲਿ ਜਤ੍ਰ ਕਤ੍ਰ ਤੂੰ ਸਰਬ ਜੀਆ।।ਗੁਰਪ੍ਰਸਾਦਿ ਰਾਖਿ ਲੇ ਜਨ ਕਉ ਹਰਿ ਰਸੁ ਨਾਨਕ ਝੋਲਿ ਪੀਆ।।੫।।੭।।੮।।*

*(ਭੈਰਉ ਮਹਲਾ ੧।।)*

## ੨. ਬੀਬੀ ਭੈਣੀ ਜੀ ਦਾ ਆਪਾਵਾਰ ਪ੍ਰੇਮ

ਪਹਿਲੀ ਉਦਾਸੀ ਕਰਕੇ ਦੇਸ ਆਏ ਜਗਤ ਦੀ ਸਾਰੀ ਸੁੰਦਰਤਾ ਦੇ ਸਰਦਾਰ ਸ੍ਰੀ ਗੁਰੂ ਜੀ-ਗੁਰੂ ਨਾਨਕ ਦੇਵ-ਪਹਿਲੋਂ ਪਹੁੰਚੇ 'ਬੀਬੀ ਨਾਨਕੀ' ਆਪਣੀ ਭੈਣ ਪਾਸ ਸੁਲਤਾਨ ਪੁਰੇ। ਬੀਬੀ ਬਰਸਾਂ ਤੋਂ ਅਪਨੇ ਪਯਾਰੇ ਵੀਰ ਤੇ ਸਤਕਾਰੇ ਗੁਰੂ ਦੀ ਉਡੀਕ ਕਰ ਰਹੀ ਸੀ। ਅਚਾਨਕ ਘਰ ਆ ਚੜ੍ਹੇ ਅਰਸੀ ਚੰਦ ਨੂੰ ਦੇਖ ਕੇ ਬਾਗ ਬਾਗ ਹੋ ਗਈ। ਭਾਈਆ ਜੈ ਰਾਮ ਜੀ ਬੀ ਬੜੀ ਸਰਧਾ ਨਾਲ ਉਡੀਕਾਂ ਕਰ ਰਹੇ ਸਨ ਦਰਸ਼ਨ ਕਰਕੇ ਪ੍ਰਸੰਨ ਹੋ ਗਏ। ਇਕ ਤਾਂ ਸਾਕਾਦਾਰੀ, ਦੂਜੇ ਗੁਰੂ ਭਾਵਨਾ ਦਾ ਪ੍ਰੇਮ ਤੀਸਰੇ ਬਰਸਾਂ ਦੀਆਂ ਉਡੀਕਾਂ, ਜਦ ਅਚਾਨਕ ਪੂਰੀਆਂ ਆ ਹੋਣ ਤਾਂ ਉਸ ਖੁਸ਼ੀ ਦਾ ਹਿਸਾਬ ਕੌਣ ਲਾਏ।

ਭੈਣ ਦਾ ਦਿਲ ਕਰਦਾ ਸੀ ਕਿ ਵੀਰ ਕੁਛ ਦਿਨ ਹੋਰ ਰਹੇ ਪਰ ਵੀਚਾਰਦੀ ਸੀ ਕਿ ਮਾਤਾ ਪਿਤਾ ਬਹੁਤ ਵੈਰਾਗ ਕਰਦੇ ਹਨ, ਜੇ ਗੁਰੂ ਜੀ ਘਰ ਛੇਤੀ ਪਹੁੰਚਣ ਤਾਂ ਉਨ੍ਹਾਂ ਨੂੰ ਸੁਖ ਹੋਵੇ। ਸੋ ਆਤਮ ਦਰਸ਼ੀ ਤਯਾਗ ਮੂਰਤੀ ਫੇਰ ਪ੍ਰੇਮ ਵਿਚ ਪੂਰਨ ਭਗਤੀ ਦਾ ਅਵਤਾਰ ਭੈਣ ਨੇ ਅਪਨੇ ਪਯਾਰ ਤੋਂ ਮਾਤਾ ਪਿਤਾ ਦੇ ਬਿਰਹੋਂ ਨੂੰ ਵਧੇਰੀ ਥਾਂ ਦੇ ਕੇ ਵੀਰ ਨੂੰ ਜੁੜੇ ਹਥੀ ਤੇ ਜਲ ਭਰੇ ਨੈਣੀ ਟੋਰਿਆ। ਵੇਖਦੀ ਰਹੀ ਦਲੀਜੇ ਖੜੀ ਜਦ ਤਾਈ ਸੁਹਣੀ ਕੰਡ ਨਜ਼ਰ ਪੈਂਦੀ ਰਹੀ।

## ੩. ਸੁੰਦਰ ਸਦਾ ਬ੍ਰਤੀ ਦਾ ਬ੍ਰਤ ਉਪਾਰਨ

ਟੁਰ ਪਏ ਸੁਲਤਾਨ ਪੁਰੋਂ ਖੂਬਾਂ ਦੇ ਸੁਲਤਾਨ, ਪਾਰ ਹੋ ਗਏ ਸੁਹਣੀ ਵਗ ਰਹੀ ਬਿਆਸਾ ਤੋਂ ਆ ਪਹੁੰਚੇ ਖਡੂਰ। ਓਥੇ ਵਸਦੀ ਸੀ ਮਾਈ ਵਿਰਾਈ। ਜੋ ਸੀ ਪਿਛੋਂ ਬੜੇ ਭੋਆਂ ਦੇ ਮਾਲਕ ਦੀ ਧੀ ਤੇ ਓਥੇ ਸੀ ਖਡੂਰ ਦੇ ਚੌਧਰੀ ਦੀ ਵਹੁਟੀ। ਸਭ ਤਰਾਂ ਸੁਖੀ ਰਜੀ ਪੁਜੀ। ਜਿਸਨੂੰ ਰਬ ਦੇ ਰਸਤੇ ਲਾ ਗਏ ਸਨ ਗੁਰੂ ਨਾਨਕ ਕਦੇ ਆਪਣੇ ਪਹਿਲੇ ਸਫਰਾਂ ਵਿਚ ਖਡੂਰੋਂ ਲੰਘਦੇ ਹੋਏ। ਇਹ ਬੀਬੀ ਨਾਮਦਾਨ ਲੈ ਕੇ, ਮਿਹਰ ਪਾ ਕੇ, ਸਾਈ ਲਿਵ ਵਿਚ ਅਪੜ ਪਈ ਸੀ। ਇਤਨੀ ਸੁਖੀ ਤੇ ਨਾਮਰਸੀਆ ਹੋ ਗਈ ਸੀ ਕਿ ਗੁਰੂ ਨਾਨਕ ਦੇਵ ਜੀ ਜਦ ਕਦੇ ਇਧਰੋਂ ਲੰਘੇ ਇਸਨੂੰ ਜ਼ਰੂਰ ਦਰਸ਼ਨ ਦੇ ਕੇ ਲੰਘੇ। ਇਸ ਉਪਰ ਇਤਨਾ ਸੀ ਆਪਦਾ ਇਤਬਾਰ ਕਿ ਜਦ ਲਹਿਣਾ ਜੀ ਨੂੰ ਗੁਰੂ ਥਾਪ ਕੇ ਕਰਤਾਰ ਪੁਰੋਂ ਟੋਰ ਦਿਤਾ ਤਾਂ ਕਿਹਾ ਸੁਹਣਿਆ ! ਖਡੂਰ ਜਾਹੁ ਤੇ ਮਾਈ ਵਿਰਾਈ ਦੇ ਘਰ ਰਹੁ। ਓਥੇ ਮੇਰਾ ਗਦੀ ਦਾ ਟਿਕਾਣਾ ਹੈ, ਤੈਨੂੰ ਰਖਸੀ ਮਾਈ ਸ਼ਰਧਾ ਨਾਲ, ਜਿਵੇਂ ਸ਼ਰਧਾ ਧਾਰਦੀ ਹੈ ਮੇਰੇ ਵਿਚ।

ਅਜ ਹੁਣ ਗੁਰੂ ਨਾਨਕ ਦੇਵ ਜੀ ਭੈਣ ਤੋਂ ਵਿਦਾ ਹੋ ਕੇ ਜਾ ਰਹੇ ਹਨ ਤਲਵੰਡੀ- ਅਪਨੇ ਮਾਤਾ ਪਿਤਾ ਦੇ ਨਗਰ। ਉਨਾਂ ਦੀ ਉਡੀਕ ਪੂਰੀ ਕਰਨ। ਹਾਂ ਆਪ ਤਾਂ ਸਦਾ ਟਿਕੇ ਸਦਾ ਸੁਖੀ ਸਹਜ ਵਿਚ ਜਾ ਰਹੇ ਹਨ, ਪਰ ਮਰਦਾਨਾ ਬਹੁਤ ਉਤਾਵਲਾ ਹੈ ਅਪਨੇ ਪਰਵਾਰ ਨੂੰ ਮਿਲਨ ਲਈ। ਖਡੂਰ ਆਈ ਰਾਹ ਵਿਚ। ਸ੍ਵਾਂਤੀ ਬੂੰਦਾਂ ਵਾਲੇ 'ਧਰਮ ਮੇਘ' ਸਤਿਗੁਰੂ ਨੇ ਉਡੀਕਾਂ ਵਿਚ ਪ੍ਰਿਉ ਪ੍ਰਿਉ ਕਰ ਰਹੇ ਚਾਤ੍ਰਿਕਾ ਨੂੰ ਦਰਸ਼ਨ ਦੇ ਸ੍ਵਾਂਤੀ ਜਲਕਣ ਦੇਣੇ ਲਈ ਠਹਰਨਾ ਸੀ ਜਰੂਰ। 'ਤਬ ਊਹਾਂ ਸੇ

ਚਲੇ। ਚਲੇ ਚਲੇ ਫੇਰ ਪੰਜਾਬ ਕੇ ਦੇਸ਼ ਆਏ ਨਿਕਲੇ। ਤਬ ਸੁਲਤਾਨਪੁਰ ਵਿਚ ਦੇ ਹੋਇ ਕਰ ਖਡੂਰ ਮੇ ਆਏ ਨਿਕਲੇ। ਊਹਾਂ ਮਾਈ ਵਿਰਾਈ ਕੇ ਘਰ ਆਏ।।

'ਮਾਈ ਵਿਰਾਈ ਬਾਬੇ ਜੀ ਦੀ ਬੜੀ ਭਗਤ ਥੀ।
ਆਠ ਪਹਰ ਬਾਬੇ ਕੀ ਉਪਾਸਨਾ ਕਰਤੀ ਥੀ।'

ਜਦ ਗੁਰੂ ਜੀ ਵਿਹੜੇ ਵੜੇ ਤੇ 'ਸਤਿ ਕਰਤਾਰ' ਦੀ ਅਵਾਜ ਦਿਤੀ ਤਾਂ ਸਦ ਪਛਾਣਦੀ ਮਾਈ ਬਾਹਰ ਭਜੀ ਆਈ ਤੇ ਧਾ ਚਰਨਾਂ ਤੇ ਢੱਠੀ। ਚਰਨ ਧੋਤੇ ਗਏ ਨੈਣਾਂ ਦੇ ਸੁਹਣੇ ਨੀਰ ਨਾਲ। ਸਿਰ ਚਾਯਾ ਸਤਗੁਰੂ ਨੇ। ਹੁਣ ਮਾਈ ਨੇ ਉਸ ਮੰਜੀ ਤੇ ਬਿਠਾਯਾ ਸਤਿਗੁਰੂ ਨੂੰ, ਜਿਸਤੇ ਬਾਬਾ ਜੀ ਨੂੰ ਰੋਜ਼ ਧਿਆਨ ਵਿਚ ਬੈਠਾ ਕੇ ਧਯਾਨ ਧਰਦੀ ਹੁੰਦੀ ਸੀ। ਫੇਰ ਮਥਾ ਟੇਕਿਆ ਚਰਨ ਧੋਏ, ਪੂੰਝੇ। ਖੁਸ਼ੀ ਤੇ ਖੁਸ਼ੀ ਦੀ ਕੋਈ ਐਸੀ ਲਹਿਰ ਵਗੀ ਕਿ ਨਾਲੇ ਖਿੜੇ ਤੇ ਨਾਲੇ ਅਥਰੂ ਫੁਟ ਫੁਟ ਪੈਣ। ਹੋਸ਼ ਤੇ ਨਾ ਹੋਸ਼ ਦਾ ਕੋਈ ਲਹਿਰ-ਉਛਾਲ ਹੋ ਰਿਹਾ ਸੀ ਕਿ ਪੁੱਛਣ ਲਗੀ ਆਗਿਆ ਦਿਓ ਕੁਛ ਮੂੰਹ ਪਾਵਣ ਨੂੰ ਲਿਆਵਾਂ।

ਮਾਈ ਪੇਕੇ ਸਹੁਰਿਓ ਰਜੀ ਪੁਜੀ ਸੁਖੀ ਹੀ ਨਹੀ ਚੰਗੇ ਪੈਸੇ ਵਾਲੇ ਘਰ ਵਿਚ ਸੀ। ਪਰ ਉਸਦਾ ਨੇਮ ਸੀ ਕਿ ਅਪਣੇ ਆਹਾਰ ਦੇ ਖਾਣ ਦੇ ਫੁਲਕੇ ਅਪਨੇ ਹਥਾਂ ਦੀ ਕਿਰਤ ਤੋਂ ਕਮਾਏ ਪੈਸਿਆਂ ਨਾਲ ਖਰੀਦੇ ਅੰਨ ਤੋਂ ਕਰਦੀ ਹੁੰਦੀ ਸੀ। ਕਲ ਉਸਨੇ ਜੋ ਮੰਗਾਏ ਸਨ ਜੌ ਛਣ ਬਣਾ ਸਾਫ ਕਰਕੇ ਇਕ ਥਾਲ ਵਿਚ ਰਖੇ ਹੋਏ ਸਨ ਕਿ ਪੀਹ ਕੇ ਆਟਾ ਬਣਾਕੇ ਪਕਾ ਖਾਵਾਂਗੀ।

ਜਦ ਉਸ ਪੁਛਿਆ- ਹੇ ਜਗਤ ਨਾਥ! ਕੁਛ ਮੂੰਹ ਪਾਵਣੇ ਨੂੰ ਲਿਆਵਾਂ ਤਾਂ ਆਪ ਬੋਲੇ ਜੋ ਹਾਜਰ ਹੈ ਸੋ ਲੈ ਆ। ਪ੍ਰੇਮ ਦੀ ਬਹੁਲਤਾ ਕੁਝ ਹੋਸ਼ ਬੇਹੋਸ਼ੀਆਂ ਲਾ ਦਿਆ ਕਰਦੀ ਹੈ। ਜੈਸਾ ਕਿ ਸ੍ਰੀ ਗੁਰੂ ਰਾਮਦਾਸ ਜੀ ਨੇ ਫ਼ਰਮਾਯਾ ਹੈ 'ਹਉ ਆਕਲ ਬਿਕਲ ਭਈ ਗੁਰ ਦੇਖੇ। ਹਉ ਲੋਟ ਪੋਟ ਹੋਇ ਗਈਆਂ।।' ਉਸ ਹਾਲਤ ਵਿਚ ਕਾਹਲੀ ਦੇ ਵੇਗ ਵਿਚ ਮਾਈ ਚਾ ਲਿਆਈ ਛਣੇ ਬਣਾਏ ਜਵਾਂ ਦਾ ਥਾਲ ਤੇ ਅਗੇ ਲਿਆ ਧਰਿਆ। ਨਾ ਹਥ ਧੁਲਾਣੇ ਯਾਦ ਰਹੇ ਨਾ ਖਯਾਲ ਆਇਆ ਕਿ ਜੇ ਅਗੇ ਰਖਣ ਲਗੀ ਤਾਂ ਇਸ ਅੰਨ ਨੇ ਤਾਂ ਅਜੇ ਨਾ ਚੱਕੀ ਡਿਠੀ ਹੈ ਨਾ ਤਵਾ। ਭਗਤਾਂ ਦੀ ਪ੍ਰੇਮਾ-ਭਗਤੀ ਦੇ ਸਿਆਣੂ ਤੇ ਉਸੇ ਨੂੰ ਸ੍ਰੀਕਾਰ

ਕਰਨ ਵਾਲੇ ਨੈਣਾਂ ਵਾਲੇ ਦਾਤੇ ਨੇ ਦੋ ਚਾਰ ਦਾਣੇ ਚਾਏ, ਮੂੰਹ ਪਾਏ, ਚਿੱਥੇ, ਸੁਆਦ ਲਿਆ ਤੇ ਮੁਸਕ੍ਰਾਏ, ਹੱਸੇ ਤੇ ਕਹਣ ਲਗੇ 'ਵਿਰਾਈ' ਅਜ ਬਾਰਾਂ ਬਰਸ ਦਾ ਬ੍ਰਤਿ ਉਪਾਰਨ ਹੋਇਆ ਹੈ। ਤੇਰਾ ਅੰਨਅਤਿ ਸ੍ਵਾਦੀਕ ਹੈ।

ਮਾਈ ਨੇ ਸੁਣਿਆ, ਤੱਕੀ, ਹੋਸ਼ ਨੇ ਕੰਮ ਕੀਤਾ, ਤ੍ਰਬਕੀ। ਹੈਂ ! ਇਹ ਕੀਹ ਭੁਲ ਹੋ ਗਈ? ਕਚੇ ਜੌਂ ਅਗੇ ਰਖੇ ਜਿਸ ਅਗੇ ਸਰਵੰਸ ਵਿਕਿਆ ਪਿਆ ਹੈ। ਅਤਿ ਘਬਰਾ ਵਿਚ ਹੋਕੇ ਪ੍ਰੇਮ ਦੀ ਹਾਲਤ ਹੋਰ ਬੇਹੋਸ਼ੀਆਂ ਵਾਲੀ ਹੋਕੇ ਚਰਨਾਂ ਨੂੰ ਹੁਣ ਹੋਰ ਬੇਸੁਧੀ ਵਿਚ ਲਿਪਟ ਰਹੀ ਹੈ। ਹੋਸ਼ਾ ਦੇ ਮਾਲਕ ਨੇ ਸਮਝ ਲਿਆ ਸਿਰ ਤੇ ਹਥ ਫੇਰਿਆ ਆਖਿਆ, ਉਠ ਬੀਬਿਆ ! ਸਾਵਧਾਨ ਹੋ। ਤੇਰੀ ਘਾਲ ਥਾਂ ਪਈ। ਤੇਰਾ ਭੋਜਨ ਦਰਗਾਹੇ ਪਰਵਾਨ ਹੋਇਆ। ਉਠ ਸਾਵਧਾਨ ਹੋ। ਸਾਵਧਾਨ ਹੋ। ਸ਼ੋਕ ਨਾ ਕਰ। ਭੁਲ ਨਹੀਂ ਹੋਈ। ਬੀਬਿਆ ਭੁਲਾਂ ਦੂਰ ਹੋਈਆਂ ਹਨ। ਤੇਰੇ ਕੱਚੇ ਦਾਣੇ ਪ੍ਰੇਮ ਭਿਜੇ ਪ੍ਰੇਮ ਪਕਾਏ ਅੰਨ ਵਰਗੇ ਮੈਂ ਕਿਤੇ ਕੋਈ ਅੰਨ ਇਸ ਸ੍ਵਾਦ ਨਾਲ ਨਹੀਂ ਖਾਧੇ। ਮੇਰਾ ਮਾਨੋ ਇਤਨਾ ਚਿਰ ਬ੍ਰਤ ਰਿਹਾ ਹੈ। ਅਜ ਜੋ ਦਾਣੇ ਮੂੰਹ ਪਾਏ ਹਨ ਮੇਰਾ ਬ੍ਰਤ ਉਪਾਰਨ ਹੋਇਆ ਹੈ। ਤੂੰ ਖੁਸ਼ ਹੋ ਕਿ ਮੇਰੀ ਨਿਰਅੰਨ ਤੇ ਨਿਰਜਲਾ ਏਕਾਦਸ਼ੀ ਦੀ ਤੂੰ ਦ੍ਵਾਦਸ਼ੀ ਵਾਲੀ ਉਪਾਰਨਾ ਕਰਾਈ ਹੈ ਜਿਸਦਾ ਸੁਆਦ ਮੈਂ ਪਾ ਲਿਆ ਹੈ। ਮਾਈ ਤੇ ਮਿਹਰ ਦਾ ਮੀਹ ਵਸ ਰਿਹਾ ਸੀ। ਉਸ ਵਰਖਾ ਨੇ ਹੋਸ਼ ਲਿਆ ਦਿਤੀ। ਸ਼ੁਭ ਭਾਵ ਦੇ ਪ੍ਰੇਮ ਮਿਸ੍ਰਤ ਭਾਵ ਵਿਭ੍ਰਮ ਹੋਏ ਜਿਨਾਂ ਨੇ ਸਮਝ ਨਹੀਂ ਸੀ ਪੈਣ ਦਿਤੀ ਕਿ ਰੋਟੀ ਅਗੇ ਰਖਣ ਲਗੀ ਹਾਂ ਕਿ ਕਚੇ ਦਾਣੇ। ਹੋਸ਼ਾਂ ਦੇ ਸਾਈ ਨੇ ਆਰਾਮ ਨਿਗਮ ਦੀ ਹੋਸ਼ ਲਾ ਦਿਤੀ। ਮਰਦਾਨਾ ਏਹ ਕੌਤਕ ਦੇਖ ਕੇ ਅਪਨੇ ਸੁਹਣੇ ਤੇ ਬਲਿਹਾਰ ਹੋ ਰਿਹਾ ਸੀ ਕਿ ਇਸ ਪ੍ਰੇਮਾ ਭਗਤੀ ਦੇ ਮਾਲਕ ਨੇ ਕਿਸ ਪ੍ਰਕਾਰ ਦੇ ਜੀਵ ਉਤਪਤ ਕੀਤੇ ਹਨ ਜੋ ਇਸ ਸੰਸਾਰ ਵਿਚ ਈਰਖਾ ਦ੍ਵੈਖ ਤ੍ਰਿਸ਼ਨਾ ਵਿਚ ਜਲ ਰਿਹਾ ਹੈ, ਸਚ ਤੇ ਪਯਾਰ ਦੇ ਅੰਮ੍ਰਿਤ ਚਸ਼ਮੇ ਹੋ ਕੇ ਉਮਲ ਉਮਲ ਡੁਲ ਰਹੇ ਹਨ।

ਕੁਛ ਦੇਰ ਬਾਦ ਬਾਹਰੋ ਕੰਮ ਤੋਂ ਚੌਧਰੀ ਆ ਗਿਆ ਉਹ ਵੀ ਭਗਤੀ ਭਾਵ ਵਿਚ ਸੀ। ਚਰਨਾਂ ਨੂੰ ਲਿਪਟ ਗਿਆ। ਬੜੀ ਖਾਤਰ ਕੀਤੀ। ਦੋਹਾਂ ਨੇ ਕਈ ਦਿਨ ਸਾਹਿਬਾਂ ਨੂੰ ਅਟਕਾ ਲਿਆ। ਫੇਰ ਸਾਹਬ ਉਠ ਤੁਰੇ ਤੇ ਜੋੜੀ ਨੂੰ ਨਾਮ ਰਸ ਵਿਚ ਭਿੱਜਾ ਛੋੜ ਗਏ।



 www.sikhbookclub.com

## ੪. ਅੰਮ੍ਰਿਤ ਸਰੋਵਰ

ਚਲ ਪਏ ਖਡੂਰ ਤੋਂ ਪੁਰਾਣੀ ਝਬਾਲ ਵਾਲੀ ਸੜਕ ਦੇ ਰਸਤੇ ਸੋਹਣੇ ਸਤਿਗੁਰੂ ਜੀ ਲਾਹੌਰ ਦੀ ਸੇਧ ਰਖਕੇ। ਜਦੋਂ ਭ੍ਰਾੜੀਵਾਲ ਪਿੰਡ ਦੇ ਲਾਗੇ ਗਏ ਤਾਂ ਉਰੇ ਤੋਂ ਹੀ ਮੁੜ ਪਏ ਉਤਰ ਰੁਖ ਨੂੰ ਚਲੇ ਗਏ ਦੋ ਕੋਹ ਕਿ ਜਰਾ ਵਧ ਘਟ। ਇਕ ਬਨ ਆ ਗਿਆ ਬੇਰੀਆਂ ਦਾ। ਹੇਠਾਂ ਮਿਠੀ ਮਿਠੀ ਛਾਂ ਵਿਚ ਇਕ ਨਿਕਾ ਜਿਹਾ ਛੰਭ ਸੁਹਾਉਣੇ ਜਲ ਵਾਲਾ। ਇਸਦੇ ਕੰਡੇ ਤੇ ਬੇਰੀ। ਬੇਰੀ ਹੇਠ ਇਕ ਉਚਾ ਕਚਾ ਥੜਾ ਜਿਹਾ। ਬੈਠ ਗਏ ਏਥੇ ਜਾਕੇ ਸੁਹਣੇ ਨੈਣਾਂ ਵਾਲੇ। ਮਰਦਾਨੇ ਨੇ ਥਾਂ ਸਿਆਣੀ 'ਦਾਤਾ ਜੀਓ ਇਹ ਤਾਂ ਉਹੋ ਥਾਉ ਹੈ ਜਿਥੇ ਚਿਰ ਹੋਇਆ ਹੈ ਆਪ ਅਗੇ ਵੀ ਖੁਸ਼ ਹੋ ਕੇ ਬੈਠੇ ਸਾਓ, ਕੁਛ ਚਿਰ। ਆਕੇ ਏਥੇ ਮਿਲੇ ਸਨ ਸੁਲਤਾਨ ਵਿੰਡ ਦੇ ਲੋਕੀ ਪਰ ਤੁਰ ਪਏ ਸਾਓ ਛੇਤੀ। ਤਦੇ ਫੁਰਮਾਇਆ ਸਾ ਜੇ ਏਥੇ ਬੜਾ ਭਾਰੀ ਸਥਾਨ ਹੋਵੇਗਾ ਹਰੀ ਭਜਨ ਦਾ, ਤੇ ਏਥੇ ਹੋਵੇਗੀ ਚਹਲ ਪਹਲ ਵਾਲੀ ਨਗਰੀ। ਕੁਛ ਏਦਾਂ ਦੇ ਵਾਕ ਉਚਾਰੇ ਸਾਨੇ।

ਮੁਸਕ੍ਰਾਏ ਫਬਨਾਂ ਵਾਲੇ ਬੁਲ।

ਅਵਾਜ ਆਈ ਹਾਂ ਮਰਦਾਨਿਆਂ ! ਹਾਂ, ਹੋਸੀ।

**ਮਰਦਾਨਾ:**– ਰਚਾਓ ਨਾ ਕੋਈ ਥਾਂ ਜਿਥੇ ਬਹਿ ਜਾਈਏ ਆਰਾਮ ਨਾਲ, ਮੈਂ ਪਿਆ ਕੀਰਤਨ ਕਰਾਂ ਤੇ ਆਪ ਪਏ ਰਚੋ ਕੀਰਤਨ ਨਾਲੇ ਸੁਣੋ ਤੇ ਨਾਲੇ ਸੁਣੇ ਕੰਨਾ ਵਾਲੀ ਲੁਕਾਈ।

**ਗੁਰੂ ਜੀ:**– ਵੇਖ ਮਰਦਾਨਿਆ ਕਰਤਾਰ ਦੇ ਰੰਗ। ਜਿਵੇਂ ਜਿਵੇਂ ਲਈ ਫਿਰੇ ਪਏ ਫਿਰੀਏ, ਜਦੋਂ ਜਿਥੇ ਬਿਠਾਵੇ ਬੈਠੀਏ। ਇਥੇ ਥਾਂ ਜਿਸਨੇ ਬਨਾਉਣਾ ਹੈ, ਉਸਨੇ ਹੁਕਮ ਵਿਚ ਏਥੇ ਆਉਣਾ ਤੇ ਬਨਾਉਣਾ ਹੈ। ਸਮਾ ਹੈ ਅਜੇ। ਇਸ ਤਰਾਂ ਇਕ ਰਾਤ ਇਸੇ ਬਨ ਵਿਚ ਬੇਰੀਆਂ ਹੇਠਾਂ, ਸੁਹਣੇ ਝੂਲਦੇ ਪਾਣੀਆਂ ਨੂੰ ਚਟਦੀ ਹਵਾ ਵਿਚ ਬੈਠੇ ਲੇਟੇ ਹਰੀ ਗੁਣ ਗਾਉਂਦੇ ਰਹੇ ਤੇ ਅਗਲੇ ਭਲਕ ਲਾਹੌਰ ਨੂੰ ਚਾਲੇ ਪਾ ਦਿਤੇ।

## ੫. ਤਰਸਦੇ ਨੈਣਾ ਵਿਚ ਸੁਹਣੇ ਨੈਣਾਂ ਦੀ ਨੈਣ-ਝਲਕ

ਲਾਹੌਰ ਵਿਚ ਰਹਿੰਦਾ ਸੀ ਮਨਸੁਖ। ਕਦੇ ਮਨ ਸੁਖ ਸੀ ਮਨ ਦੇ ਸੁਖ ਦਾ ਲੋੜਕੂ ਤੇ ਫੇਰ ਮਨਸੁਖ ਪਾ ਚੁਕਾ ਸ੍ਰੀ ਗੁਰੂ ਤੋਂ, ਪਰ ਮਨ ਦੇ

ਸੁਖ ਵਿਚ ਪ੍ਰੀਤਮ ਪਯਾਰੇ ਤੇ ਗੁਰੂ ਪਯਾਰੇ ਦੇ ਵਿਰਹਾ ਦੇ ਵਿਛੋੜੇ ਕਰਕੇ ਬਿਹਬਲਤਾ ਹੈਸੀ ਲਗ ਰਹੀ। ਹਾਂ ਅਕਾਂਖਯ ਸੀ ਮਿਲਨ ਦੀ, ਸਿੱਕ ਹੈ ਸੀ ਦਰਸ਼ਨਾਂ ਦੀ, ਉਡੀਕ ਹੈ ਸੀ ਕਿਵੇਂ ਪੂਰੀ ਹੋਵੇ। ਉਹ ਅੰਮ੍ਰਿਤ ਵੇਲੇ ਇਸੇ ਵੈਰਾਗ ਵਿਚ ਉਠ ਟੁਰਿਆ ਰਾਵੀ ਦੇ ਕਿਨਾਰੇ ਨੂੰ। ਕਦੇ ਗੁਰੂ ਕੇ ਸ਼ਬਦ ਜੋ ਲਿਖ ਲਏ ਹੋਏ ਸੂ ਕੋਈ ਕੋਈ ਪਦਿ ਗਾਉਂਦਾ, ਕਦੇ ਅਪਨੇ ਬਿਰਹੇ ਨੂੰ ਅਪਨੇ ਰੰਗਾਂ ਵਿਚ ਉਚਾਰਦਾ ਰਾਵੀ ਦੇ ਕੰਢੇ ਫਿਰਦਾ ਕਦੇ ਬੈਠਾ ਕਦੇ ਚਾਰ ਕਦਮ ਟੁਰਦਾ ਨਦੀ ਦੇ ਪ੍ਰਵਾਹ ਦੀ ਠੰਡ ਤੇ ਪੌਣ ਦੀ ਸੀਤਲ ਛੋਹ ਵਿਚ ਖੀਵਾ ਹੋ ਜਾਂਦਾ ਸੀ ਕਿ ਅਚਾਨਕ ਅੜਕਿਆ। ਪੂਰੇ ਵਲੋਂ ਸੂਰਜ ਦੀ ਟਿਕੀ ਨਿਕਲ ਰਹੀ ਸੀ ਕਿ ਇਸਨੂੰ ਝਾਂਵਲਾ ਪੈ ਗਿਆ ਪ੍ਰੀਤਮ ਦਾ। ਮਨ ਨੇ ਕਿਹਾ ਝਾਵਲਾ ਹੀ ਹੋਸੀ, ਪਰ ਫੇਰ ਤਕੇ ਤਾਂ ਸਾਮਰਤਖ ਦਿਸਣ ਲਗ ਪਏ ਪਿਆਰੇ ਜੀ। ਫੇਰ ਅਗੇ ਵਧਿਆ ਤੇ ਪ੍ਰੇਮ ਦੀ ਮਦਹੋਸ਼ੀ ਵਿਚ ਚਰਨਾਂ ਨੂੰ ਲਿਪਟ ਗਿਆ। ਆਪਣੇ ਲਾਏ ਰਬੀ ਰੰਗ ਨਾਲ ਰਤੇ ਪਿਆਰੇ ਨੂੰ ਆਪਨੇ ਪਯਾਰ ਦਿਤਾ ਵਰ ਦਿਤਾ 'ਸਿਮਰਨ ਧਯਾਨ ਪ੍ਰੇਮ ਰੰਗ ਸਵਾਏ'। ਧੰਨ ਧੰਨ ਹੋ ਗਿਆ ਪ੍ਰੇਮੀ ਸ੍ਰੀ ਗੁਰੂ ਜੀ ਪਯਾਰ ਦੇ ਕੇ ਉਠਾ ਲਿਆ। ਸੁਖ ਸਾਂਦ ਪੁੱਛੀ। ਪਯਾਰ ਦੇ ਭਾਵਾਂ ਦੇ ਵਟਾਂਦ੍ਰੇ ਰਸਭਰੀਆਂ ਰਸਨਾਂ ਨਾਲ ਹੋਏ। ਪਯਾਰ ਵਿਚ ਬਿਹਬਲ ਹੋ ਹੋ, ਸ਼ੁਕਰ ਵਿਚ ਟਿਕ ਟਿਕ ਮਨਸੁਖ ਜੀਨੇ ਸਤਿਗੁਰੂ ਦੇ ਇਕ ਛੰਤ ਦਾ ਰਸ ਭਰੀ ਸੁਰ ਵਿਚ ਗਾਯਨ ਕਰਕੇ ਆਪਦਾ ਸੁਆਗਤ ਕੀਤਾ।

*ਮੇਰੀ ਇਛ ਪੁਨੀ ਜੀਉ ਹਮ ਘਰਿ ਸਾਜਨੁ ਆਇਆ।।*<br>*ਮਿਲਿ ਵਰੁ ਨਾਰੀ ਮੰਗਲੁ ਗਾਇਆ।।*<br>*ਗੁਣ ਗਾਇ ਮੰਗਲੁ ਪ੍ਰੇਮਿ ਰਹਸੀ ਮੁੰਧ ਮਨਿ ਓਮਾਹਓ।।*<br>*ਸਾਜਨ ਰਹੰਸੇ ਦੁਸਟ ਵਿਆਪੇ ਸਾਚੁ ਜਪਿ ਸਚੁ ਲਾਹਓ।।*<br>*ਕਰ ਜੋੜਿ ਸਾਧਨ ਕਰੈ ਬਿਨਤੀ ਰੈਣਿ ਦਿਨੁ ਰਸਿ ਭਿੰਨੀਆ।।*<br>*ਨਾਨਕ ਪਿਰੁ ਧਨ ਕਰਹਿ ਰਲੀਆ ਇਛ ਮੇਰੀ ਪੁੰਨੀਆ।।੪।।੧।।*

ਹੁਣ ਮਨਸੁਖ ਬੇਨਤੀ ਕੀਤੀ ਸਤਿਗੁਰੂ ਨੂੰ ਅਪਨੇ ਘਰ ਲੈ ਗਿਆ। ਜਿਤਨੇ ਕੁ ਪ੍ਰੇਮੀਂ ਲਾਹੌਰ ਵਿਚ ਸਨ ਜੋ ਬਹੁਤ ਨਹੀ ਸਨ ਸਾਰਿਆਂ ਨੂੰ ਖਬਰ ਪਹੁੰਚ ਪਈ ਕਿ ਬਰਸਾਂ ਦੇ ਵਿਛੋੜੇ ਦੇਣ ਵਾਲਾ ਦਾਤਾ ਆ ਗਿਆ ਹੈ। ਮਨਸੁਖ ਦੇ ਘਰ ਭੱਜੇ ਆਏ ਸਾਰੇ। ਦਰਸ਼ਨ ਕਰ ਕਰ ਚਰਨੀ

ਲਗ ਲਗ ਸਾਰੇ ਖਿੜ ਗਏ। ਮਨਸੁਖ ਦਾ ਘਰ ਅਜ ਮਨਾ ਨੂੰ ਸੁਖ ਦੇਣ ਵਾਲਾ ਇਕ ਬੈਕੁੰਠ ਧਾਮ ਬਣ ਗਿਆ। ਮਰਦਾਨੇ ਦਾ ਕੀਰਤਨ, ਗੁਰੂ ਸਾਹਿਬ ਦੇ ਦਰਸ਼ਨ ਤੇ ਉਪਦੇਸ਼, ਮਨਸੁਖ ਦੇ ਘਰ ਰੰਗ ਲਗ ਗਿਆ ਕੋਈ ਕੋਈ ਹੋਰ ਢੂੰਡਾਊ ਬੀ ਕਿਸੇ ਕਿਸੇ ਦੇ ਨਾਲ ਲਗਾ ਆ ਗਿਆ। ਸਤਿਸੰਗ ਤੇ ਮੇਹਰਾਂ ਦੀ ਨਦਰ ਦਾ ਲਾਹਾ ਲਿਆ। ਕਿਸੇ ਨੇ ਆਪ ਜੀ ਤੋਂ ਪੁਛਿਆ-ਨਾਮ ਜਪਣੇ ਨਾਲ ਅੰਦਰ ਕਿਵ ਤੇ ਕੀ ਕੁਛ ਹੁੰਦਾ ਹੈ? ਸਤਿਗੁਰ ਜੀ ਨੇ ਫੁਰਮਾਇਆ, ਨਾਮ ਲਈਦਾ ਹੈ ਉਸਦਾ ਜੋ ਅੰਦਰ ਬੈਠਾ ਹੈ ਜੋ ਬਾਹਿਰ ਬੀ ਹੈ, ਜੋ ਸਾਰੇ ਬੀ ਹੈ। ਜੋ ਪਰੀਪੂਰਣ ਬੀ ਹੈ। ਉਸ ਦਾ ਨਾਮ ਜਪਦਿਆਂ ਉਹ ਅੰਦਰ ਯਾਦ ਵਿਚ ਇਸਥਿਤ ਹੋ ਜਾਂਦਾ ਹੈ। ਉਹ ਹੈ ਤਾਂ ਅੰਦਰ, ਯਾਦ ਨਾਲ ਭੁਲ ਦਾ ਪਰਦਾ ਜੋ ਹਰ ਵੇਲੇ ਪਿਆ ਰਹਿੰਦਾ ਹੈ, ਦੂਰ ਹੋ ਜਾਂਦਾ ਹੈ। ਇਉ ਯਾਦ ਨਾਲ ਭੁਲ ਵਿਚੋਂ ਹਟ ਕੇ ਉਸ ਨਾਲ ਮੇਲ ਹੋ ਜਾਂਦਾ ਹੈ। ਸਾਨੂੰ ਪ੍ਰਤੀਤ ਵਿਚ ਭਾਸਣ ਲਗ ਜਾਂਦਾ ਹੈ ਕਿ ਅਸੀਂ ਸਰੀਰ ਨਹੀਂ, ਸਰੀਰ ਤੋਂ ਵਖ ਅੰਦਰ ਉਸ ਨਾਲ ਲਗ ਰਹੇ ਹਾਂ। ਉਸਦਾ ਸੰਗ ਕਿ ਸਾਥ ਪ੍ਰਤੀਤੀ ਵਿਚ ਆ ਜਾਂਦਾ ਹੈ। ਇਸ ਨਾਲ ਮਨ ਵਿਚ ਸੁਖ ਤੇ ਟਿਕਾ ਭਾਸਣ ਲਗ ਜਾਂਦਾ ਹੈ। ਇਕ ਉਚਤਾ ਦੀ ਪ੍ਰਤੀਤੀ ਹੋ ਆਉਂਦੀ ਹੈ। ਵਯਾਪਕ ਹੋਂਦ ਨਾਲ ਮਾਨੋ ਅੰਦਰੋਂ ਅਵਿਛੜ ਤੇ ਅਵਿਥ ਵਿਚ ਹੋ ਜਾਈਦਾ ਹੈ। ਐਉਂ ਲਿਵ ਲਗ ਜਾਂਦੀ ਹੈ ਤੇ ਨਿਰੰਕਾਰ ਦੇ ਮਿਲਾਪ ਵਿਚ ਫੇਰ ਵਿਥ ਨਹੀਂ ਪੈਂਦੀ ਅਨੁਭਵ ਵਿਚ ਦਵੈਤ ਨਹੀਂ ਰਹਿੰਦੀ। ਇਹੋ ਮੁਕਤੀ ਹੈ। 'ਨਾਮ ਤੇਰੇ ਰਹੇ ਮਨ ਰਾਤਾ। ਇਹ ਕਲਿਆਨ ਨਾਨਕ...' ਦੇਖੋ ਭਾਈ ਹੋਰ ਸੋਚ ਕਰੋ ਜਿਸਦਾ ਨਾਮ ਸਿਮਰਦੇ ਹਾਂ, ਉਸਦੀ ਟੇਕ ਲੈਂਦੇ ਹਾਂ, ਉਸਨੂੰ ਭਾਵਨਾਂ ਨਾਲ ਯਾਦ ਕਰਦੇ ਹਾਂ ਸਾਡਾ ਭਾਵ ਭਾਵੇਂ ਕਿੰਨਾ ਨਿੱਕਾ ਹੋਵੇ, ਉਹ ਭਾਵ ਹੈ, ਉਸ ਸਾਡੇ ਭਾਵ-ਪਯਾਰ ਨੂੰ ਸਾਈ ਜੋ ਆਪ ਪ੍ਰੇਮ ਸਰੂਪ ਹੈ ਜਾਣਦਾ ਹੈ, ਸਾਡੀ ਪ੍ਰੇਮ ਭਾਵਨਾ ਨਾਲ ਉਹ ਪਸੀਜਦਾ ਹੈ, ਸਾਡੇ ਨਿਤਾਣੇ ਯਤਨ ਉਤੇ ਉਸ ਵਿਚ ਭਾਵ ਹੋਣ ਕਰਕੇ, ਦਿਆਲੂ ਹੋ ਜਾਂਦਾ ਹੈ। ਉਸਦੀ ਮੇਹਰ ਉਸਦੀ ਰੰਚਕ ਪਿਆਰ ਦੀ ਨਜਰ ਸਾਨੂੰ ਖਿਚ ਲੈਂਦੀ ਹੈ ਤੇ ਤਾਰ ਲੈਂਦੀ ਹੈ। ਜਦ ਇਸ ਪ੍ਰਕਾਰ ਦੇ ਬਚਨ ਆਪ ਕਰ ਰਹੇ ਸਨ ਤਾਂ ਮਰਦਾਨੇ ਨੇ ਇਕ ਸਲੋਕ ਗਾਕੇ ਸਭ ਦੇ ਦਿਲਾਂ ਨੂੰ ਨਿਸਚੇ ਦੇ ਘਰ ਪੁਚਾ ਦਿਤਾ :-

*ਨ ਭੀਜੈ ਰਾਗੀ ਨਾਦੀ ਬੇਦਿ।।*
*ਨਾ ਭੀਜੈ ਸੁਰਤੀ ਗਿਆਨ ਜੋਗਿ।।*
*ਨ ਭੀਜੈ ਸੋਗੀ ਕੀਤੈ ਰੋਜਿ ਨ ਭੀਜੈ ਰੂਪੀ ਮਾਲੀ ਰੰਗਿ।।*
*ਨ ਭੀਜੈ ਤੀਰਥਿ ਭਵਿਐ ਨੰਗਿ।।*
*ਨ ਭੀਜੈ ਦਾਤੀ ਕੀਤੈ ਪੁੰਨਿ।।*
*ਨ ਭੀਜੈ ਬਾਹਰਿ ਬੈਠਿਆ ਸੁੰਨਿ।।*
*ਨ ਭੀਜੈ ਭੇੜਿ ਮਰਹਿ ਭਿੜਿ ਸੂਰ।।*
*ਨ ਭੀਜੈ ਕੇਤੇ ਹੋਵਹਿ ਧੂੜ।।*
*ਲੇਖਾ ਲਿਖੀਐ ਮਨ ਕੈ ਭਾਇ।।*
ਨਾਨਕ ਭੀਜੈ ਸਾਚੈ ਨਾਇ।।੨।।

*(ਮਹਲਾ ੧।। )*

ਸਾਰੰਗੀ ਦੀ ਸੁਹਣੀ ਸੁਰ ਵਿਚ ਗਾਵਿਆ ਇਹ ਸਲੋਕ ਅਪਨਾ ਅਸਰ ਕਰ ਗਿਆ। ਸਾਰੇ ਸਮਝ ਗਏ ਕਿ ਪਰਮੇਸੁਰ ਨੂੰ ਅਪਨੇ ਤੇ ਦਿਆਲੂ ਕਰਨ ਲਈ, ਉਸਨੂੰ ਅਪਨੇ ਤੇ ਪਸੀਜਵਾਂ ਪਯਾਰ ਵਿਚ ਲਿਆਉਣ ਲਈ ਉਸਦਾ ਨਾਮ ਸਿਮਰਣ ਹੀ ਉਪਾਉ ਹੈ ਹੋਰ ਉਪਾਵ ਬਿਰਥੇ ਹਨ।

ਮਰਦਾਨਾ ਕਾਹਲਾ ਸੀ ਕਿ ਘਰ ਪਹੁੰਚੀਏ। ਉਸਨੂੰ ਅਪਨੀ ਖਿਚ ਤਾਂ ਸੀ ਤੇ ਉਹ ਲੁਕਾ ਨਹੀਂ ਸੀ ਕਰਦਾ ਪਰ ਉਸ ਨੂੰ ਹੁਣ ਮਾਤਾ ਤ੍ਰਿਪਤਾ ਜੀ ਤੇ ਬਾਬੇ ਕਾਲੂ ਦਾ ਬਿਰਹੋਂ ਯਾਦ ਆਉਂਦਾ ਸੀ ਤੇ ਚਾ ਹੁੰਦਾ ਸੀ ਕਿਹੜਾ ਵੇਲਾ ਹੋਵੇ ਗੁਰੂ ਨਾਨਕ ਨੂੰ ਛਾਤੀ ਲਾਕੇ ਦੁਹਾਂ ਨੂੰ ਠਰਦਿਆਂ ਵੇਖਾਂ ਤੇ ਇਹ ਠਾਰਵਾਂ ਦ੍ਰਿਸ਼ ਦੇਖ ਕੇ ਮੈਂ ਸਾਰਾ ਠਰ ਜਾਵਾਂ। ਮਰਦਾਨਾ ਚਾਹੇ ਬਿਲਾਸ ਕਰ ਲੈਂਦਾ ਸੀ। ਚਾਹੇ ਉਦਾਸ ਹੋ ਹੋ ਜਾਂਦਾ ਸੀ, ਪਰ ਅਸਲ ਵਿਚ ਅਤਿ ਦਾ ਪ੍ਰੇਮੀ ਸੀ, ਜਿਸਦੇ ਪ੍ਰੇਮ ਨੂੰ ਗੁਰੂ ਨਾਨਕ ਹੀ ਸਮਝ ਸਕਦੇ ਸਨ। ਉਹ ਪਯਾਰ ਵੀ ਕਰਦਾ ਸੀ, ਅਪਨੇ ਚੋਜਾਂ ਨਾਲ ਖਿੜਾਉਂਦਾ ਤੇ ਖੁਸ਼ੀਆਂ ਵਿਚ ਹਸਾਉਂਦਾ ਵੀ ਉਹੋ ਸੀ। ਸੋ ਦੋ ਕੁ ਦਿਨ ਲਾਹੌਰ ਠਹਰ ਕੇ ਮਰਦਾਨਾ ਅਪਨੇ ਪ੍ਰੀਤਮ ਨੂੰ ਰਾਵੀਓਂ ਪਾਰ ਲੈ ਟੁਰਿਆ।

## ੬. ਮਰਦਾਨੇ ਦੇ ਪਯਾਰ ਦੀ ਡੂੰਘਾਈ।

ਹੁਣ ਸਹਜੇ ਸਹਜੇ ਟੁਰਦੇ, ਰਾਹ ਵਿਚ ਕੋਈ ਅਧਿਕਾਰੀ ਮਿਲੇ ਤਾਂ ਸਾਈ-ਸਦੇ ਨਾਲ ਜਗਾਉਂਦੇ ਟੁਰੇ ਜਾਂਦੇ ਮਰਦਾਨੇ ਨਾਲ ਬਿਲਾਸ ਕਰਦੇ, ਇਕ ਥਾਂ ਛਾਵੇਂ ਬੈਠੇ ਮੁਸਕ੍ਰਾ ਕੇ ਆਖਦੇ :-ਮਰਦਾਨਿਆਂ ਘਰ ਨੇੜੇ ਆ ਗਿਆ ਹੈ, ਘਰ ਜਾਕੇ ਮੁੜੇਂਗਾ ਕਿ ਟੱਬਰਾਂ ਦੀ ਮੋਹ ਮਾਇਆ ਵਿਚ ਫਸ ਜਾਏਂਗਾ? ਬਹੁਤ ਵਰਹੇ ਘੁੰਮ ਕੇ ਆਯਾ ਹੈਂ, ਸਾਰੇ ਸਾਕ ਮਿਲਨਗੇ ਤੇ ਤੂੰ ਸੁਖ ਦੇਖੇਂਗਾ ਘਰਾਂ ਦੇ ਬਾਹਰ ਤਾਂ ਵਡੇ ਬਾਬਲ ਦੀ ਚਾਕਰੀ ਵਿਚ ਰਹੇ। 'ਸੇਵਾ ਕਰੇ ਸੁ ਚਾਕਰ ਹੋਇ...' ਚਾਕਰੀ ਵਿਚ 'ਚੰਗੀ ਕੀਤੀ ਚਾਕਰੀ ਦੇ ਅਪਨੇ ਅਨੁਭਵ ਦਾ' ਸੁਖ ਹੁੰਦਾ ਹੈ, ਬਾਕੀ ਤਾਂ ਖੇਚਲਾਂ ਹੀ ਖੇਚਲਾਂ ਹੁੰਦੀਆਂ ਹਨ, (ਨੈਣ ਮੁੰਦ ਕੇ) ਹਾਂ ਮਰਦਾਨਿਆਂ ਚਾਕਰ ਨੂੰ ਮਾਲਕ ਦੀ ਖੁਸ਼ੀ ਅਪਨੀ ਖੁਸ਼ੀ ਹੋ ਜਾਂਦੀ ਹੈ। ਦੁਖ ਸੁਖ, ਭੁਖ, ਉਨੀਂਦਾ ਉਸ ਚਾਉ ਵਿਚ ਲੰਘ ਜਾਂਦੇ ਹਨ। ਪਰ ਘਰ ਜਾਕੇ ਤਾਂ ਸਾਰਿਆਂ ਨੇ ਪਯਾਰ ਕਰਕੇ ਅਪਨੀ ਚਾਕਰੀ ਵਿਚ ਲਾਉਣਾ ਹੈ ਤੇ ਇਸ ਮਨ ਨੇ ਸੁਖ ਵੇਖਕੇ ਪਸਰ ਪੈਣਾ ਹੈ। ਦੱਸ ਸੁਹਣਿਆਂ ਕੀ ਵਿਚਾਰ ਹਈ? ਇਹ ਕਹਿਕੇ ਆਪ ਤਾੜੀ ਮਾਰਕੇ ਹੱਸੇ।

**ਮਰਦਾਨਾ:-** ਹਾਂ ਤਾਂ ਇਹੋ ਜਿਹਾ ਹੀ ਕਿ ਫਸਾਂ ਤਾਂ ਫਸਿਆ ਹੀ ਰਹਿ ਜਾਵਾਂਗਾ, ਟੱਬਰ ਦਾ ਮੋਹ ਹੈ, ਜਰੂਰ ਹੈ, ਤੈਥੋਂ ਕੀਹ ਲੁਕਾ ਤੂੰ ਤਾਂ ਦਿਲ ਦੇ ਪੜਦੇ ਬੀ ਪਾੜਕੇ ਵੇਖ ਲੈਨਾ ਏਂ। ਪਰ ਸੁਹਣੇ ਸੁਹਣੇ ਨੈਣਾਂ ਵਾਲਿਆ। ਭੌਰਾ ਘਰਾਂ ਨੂੰ ਉਡ ਉਡ ਜਾਂਦਾ ਏ, ਹੈ ਨਾ, ਮੋਹ ਨਹੀ ਸੂ ਛੁਟਦਾ, ਪਰ ਸੁਹਣਿਆਂ ਗੁੰਜਾਰਾਂ ਤਾਂ ਕਮਲ ਦੇ ਉਦਾਲੇ ਆਕੇ ਪਾਉਂਦਾ ਏ। ਕਦੇ ਡਿੱਠਾ ਹਈ ਉਸਨੂੰ ਗੁੰਜਾਰਾਂ ਕਰਦਾ ਕਿਸੇ ਹੋਰ ਦੇ ਉਦਾਲ਼ੇ! ਜਿਵੇਂ ਕਰਦਾ ਏ ਮਰਦਾਨਾ 'ਸੁਹਣੇ ਤੇਰੇ ਕਮਲ ਵਰਗੇ' ਨੈਣਾਂ ਦੇ ਉਦਾਲੇ। ਦੁਖ ਸੁਖ? ਦਾਤਾ 'ਦੁਖ ਸੁਖ' ! ਹਾਂ ਦੁਖ ਸੁਖ ! ਪਰ ਤੈਨੂੰ ਮੈਥੋਂ ਵੱਧ ਪਤਾ ਏ ਕਿ ਭਵਰਾ ਕੰਵਲ ਦੇ ਪਯਾਰ ਵਿਚ, ਕੰਵਲ ਦੀ ਪਯਾਰ ਕਲਾਈ ਵਿਚ, ਵਿੰਨ ਹੋ ਜਾਂਦਾ ਏ ਪਰ ਕੰਵਲ ਨੂੰ ਛਡਕੇ ਨਹੀ ਜਾਂਦਾ। ਕਿਵ ਉਡ ਜਾਸੀ ਮਰਦਾਨਾ ਕੰਵਲ ਖਿੜਾ ਦੇਣ ਵਾਲੇ ਅਪਨੇ ਕੰਵਲਾਂ ਦੇ ਸਿਰਤਾਜ ਸੁਹਣੇ ਕਵਲ ਕੋਲੋਂ? ਤੂੰ ਜਾਣਦਾ ਏਂ, ਤੂੰ ਜਾਣਦਾ ਏਂ। ਪਰ ਦਾਤਾ ਜਿਵੇਂ ਤੂੰ ਨਿਰਮੋਹ ਏਂ, ਨਾ ਮਾਂ ਦਾ ਨਾ ਪਿਤਾ ਦਾ ਨਾ ਵਹੁਟੀ ਦਾ ਨਾ ਪੁਤਾਂ ਦਾ ਕੋਈ ਮੋਹ ਤੈਨੂੰ ਨਹੀ ਪੋਹਦਾ ਤਿਵੇਂ ਮੈਂ ਕਿਵ ਹੋ ਸਕਦਾ

ਹਾਂ। ਸੁਹਣਿਆਂ ! ਤੇਰੇ ਕਵਲ ਨੈਣ ਤਾਂ ਕਦੇ ਨਹੀ ਤਕਦੇ ਹੋਰਾਂ ਨੂੰ ਓਹ ਸੁਹਣੇ ਨੈਣ ਇਕੋ ਟਕ ਲਾਈ ਅਰਸ਼ਾਂ ਤੇ 'ਸੂਰਜ' ਨੂੰ ਹੀ ਵੇਂਹਦੇ ਰਹਿੰਦੇ ਹਨ। ਸਾਡੇ ਕਮਜੋਰ ਨੈਣ ਤੇਰੇ 'ਸੂਰਜ' ਉਤੇ ਨਹੀ ਟਿਕ ਸਕਦੇ। ਸਾਡੇ ਨੈਣ ਫਾਥੇ ਜੁ ਹੋਏ ਮੋਹ ਮਾਯਾ ਵਿਚ। ਪਰ ਹੇ ਮੇਰੇ ਸੁਹਣੇ ਚੰਦਾ! ਮੇਰੇ ਨੈਣ ਤੇਰੇ ਚੰਦ ਮੁਖ ਨੂੰ ਤਕਦੇ ਨਹੀਓ ਥਕਦੇ। ਹਾਂ ਮੇਰਾ ਮਨ ਕਵਲ ਨਹੀ 'ਕੁਮਦਨੀ' ਏ, ਇਸਨੂੰ ਤੇਰੇ ਚੰਦ ਮੁਖ ਵਰਗਾ ਕੋਈ ਨਹੀਓ ਪਿਆਰਾ ਲਗਦਾ। ਏਹ ਕਮੁਦ ਮਨ, ਮਰਦਾਨੇ ਤੇਰੇ ਮਿਰਾਸੀ ਦਾ, ਨਹੀਓ ਖਿੜਦਾ ਬਿਨਾਂ ਤੇਰੇ ਚੰਦ ਮੁਖ ਦੇਖੇ ਦੇ, ਪਰ ਚੰਦਾ ਏ ਤੇਰੀ ਹੀ ਖਿਚ ਹੈ ਜੋ ਕਮੁਦਨੀਆਂ ਨੂੰ ਖੇੜਦੀ ਤੇ ਖਿਚੀ ਰਖਦੀ ਏ। ਨੀਵੇਂ ਛਪੜਾ ਵਿਚ ਵਸਦੀਆਂ ਕਮੁਦਨੀਆਂ ਵਿਚ ਕੀਹ ਤਾਕਤ ਏ ਆਪਣੀ ਨਜ਼ਰ ਸੁਹਣੇ ਚੰਦ ਤੇ ਜਮਾਈ ਰਖਣ ਦੀ। ...। ਹਾਂ ਨਿਬਾਹ ਦੇ ਚੰਨ। ਮੇਰੇ ਸੁਹਣਿਆ ਚੰਨਾ। ਇਸ ਘਰ ਦੇ ਡੂੰਮ ਨੂੰ ਨਿਬਾਹ ਦੇ। ਕਦੇ ਨ ਵਿਛੁੜੇ ਤੈਥੋਂ, ਇਹ ਕਹਿਦਿਆਂ ਮਰਦਾਨੇ ਦਾ ਗਲਾ ਰੁਕ ਗਿਆ, ਨੈਣ ਭਰ ਭਰ ਆਏ, ਉਸ ਹਸਦੇ ਤੇ ਮਖੌਲਾਂ ਕਰਦੇ ਦੇ ਨੈਣ ਡੁਲ ਪਏ। ਦੇਖਦੇ ਸਨ ਉਸਦੇ ਬੀਤ ਰਾਗ ਸੁਆਮੀ ਉਸਦੇ ਕਮੁਦਨੀ ਵਾਙੂ ਖਿੜੇ ਤੇ ਜਲ ਨਾਲ ਭਰੇ ਡੁਲ ਡੁਲ ਪੈਂਦੇ ਨੈਣਾਂ ਨੂੰ। ਖਿਚ ਲਿਆਂਦੇ ਇਨ੍ਹਾਂ ਅਥਰੂਆਂ ਨੇ ਬੀਤ ਰਾਗ ਦੇ ਨੈਣਾਂ ਵਿਚ ਦੇ ਅਥਰੂ, ਜੋ ਸੇਜਲ ਕਰਦੇ ਸੁਹਣੇ ਨੈਣਾਂ ਨੂੰ, ਬਿਨਾ ਡਿਗੇ, ਵਿਚੇ ਸੁੱਕ ਗਏ।

ਇਸ ਪ੍ਰਕਾਰ ਕਦੇ ਮਰਮੀ ਗਲਾਂ ਕਰਦੇ, ਕਦੇ ਹਾਸ ਬਿਲਾਸ ਕਰਦੇ, ਕਦੇ ਕੋਈ ਸੁਰ ਛੇੜਦੇ ਆ ਗਏ ਤਲਵੰਡੀ ਦੀਆਂ ਜੂਹਾਂ ਵਿਚ ਜਿਥੇ ਬਾਲਪਨੇ ਵਿਚ ਖੇਡੇ ਤੇ ਕਉਤਕ ਕੀਤੇ ਸਨ।

ਸ਼ਹਿਰੋਂ ਬਾਹਰ ਦੋ ਕੋਹ ਤੇ ਇਕ ਖੂਹ ਸੀ, ਉਥੇ ਬੈਠ ਗਏ। ਦੋ ਕੁ ਘੜੀਆਂ ਮਗਰੋਂ ਮਰਦਾਨੇ ਨੇ ਕਿਹਾ 'ਹੇ ਜਗਨ ਨਾਥ ਜੀ ! ਆਗਯਾ ਹੋਵੇ ਤਾਂ ਮੈਂ ਟਬਰ ਟੋਰ ਨੂੰ ਮਿਲ ਆਵਾਂ, ਦੇਖਾਂ ਕੋਈ ਜੀਉਂਦਾ ਬਾਕੀ ਹੈ? ਤਦੋਂ ਦਾਸਾਂ ਦੇ ਕਾਰਜ ਸਵਾਰਨਹਾਰ ਸਤਿਗੁਰ ਜੀ ਹੱਸ ਪਏ।

*ਸੁਨਕਰ ਬਿਗਸੇ ਕ੍ਰਿਪਾ ਨਕੇਤਾ।*
*ਬੋਲੇ ਹਰਖ ਦੇਨਕੇ ਹੇਤਾ।*
*'ਜੇ ਤੇਰੇ ਸਨਬੰਧੀ ਮਰ ਹੈਂ*
*ਅਵਰ ਕਾਜ ਹਮ ਜਗ ਕਸ ਕਰਿ ਹੈਂ?*

*ਹਮ ਹੋਵਤ ਨਹਿੰ ਚਿੰਤਾ ਕਰੀਏ,*
*ਨਿਕਟ ਨਜਮ ਕੋ ਤ੍ਰਾਸ ਬਿਚਰੀਏ।*
*ਜੇ ਅਬ ਤੋ ਮਨ ਐਸੀ ਆਈ।*
ਮਿਲਹੁ ਕੁਟੰਬ ਸਰਬ ਕੋ ਜਾਈ।

(ਗੁ: ਨਾ: ਪ੍ਰਕਾਸ਼)

## ੭. ਮਾਪੇ ਤੇ ਰਾਇ ਬੁਲਾਰ

ਇਹ ਸੁਣਕੇ ਮਰਦਾਨਾ ਟੁਰ ਪਿਆ ਤੇ ਗਿਆ ਤਲਵੰਡੀ ਨੂੰ। ਸਤਿਗੁਰ ਨੇ ਜਾਂਦਿਆਂ ਇਹ ਬੀ ਤਾਕੀਦ ਕੀਤੀ ਕਿ ਸਾਡੇ ਘਰ ਸਾਡੇ ਆਉਣੇ ਦੀ ਖਬਰ ਨਾ ਕਰੀਂ।

ਉਮਰ ਇਕ ਢਲਦਾ ਪਰਛਾਵਾਂ ਹੈ। ਜਦੋਂ ਜੁਆਨੀ ਹੈ, ਆਸਾਂ ਤੇ ਉਮੰਗਾਂ ਹੋਰ ਹੁੰਦੀਆਂ ਹਨ, ਪਰ ਜਦੋਂ ਉਮਰਾ ਢਾਲੇ ਪਈ ਆਸਾਂ ਉਮੰਗਾਂ ਬੀ ਢਾਲੇ ਪੈ ਜਾਂਦੀਆਂ ਹਨ। ਤ੍ਰਿਸ਼ਨਾ ਭਾਵੇਂ ਨਹੀ ਘਟਦੀ ਪਰ ਉਮੰਗ ਤੇ ਉਤਸ਼ਾਹ ਸਿਆਲੇ ਦੀਆਂ ਨਦੀਆਂ 'ਤਲਾਵਾਂ' ਵਾਂਡੂ ਲਹਾ ਵਿਚ ਆ ਜਾਂਦੇ ਹਨ ਇਸ ਉਮਰੇ ਜੇ ਕੋਈ ਸਲ ਜਾਂ ਬਿਰਹੋਂ ਦਾ ਤੀਰ ਕਲੇਜੇ ਲੱਗੇ ਤਾਂ ਅਚਰਜ ਨਿਰਾਸਾ ਭਰੀ ਦਸ਼ਾ ਹੋ ਜਾਂਦੀ ਹੈ, ਹਾਂ, ਮਾਤਾ ਤ੍ਰਿਪਤਾ ਇਕ ਸੁਭਾਗ ਬ੍ਰਿਧ ਮਾਤਾ ਹੈ ਜਿਸਨੂੰ ਇਕ ਪਾਂਸੇ ਪਿਆਰੇ ਪੁਤ ਦੇ ਮੇਲ ਦੀ ਸਿੱਕ ਖਾਂਦੀ ਹੈ, ਦੂਏ ਪਾਸੇ ਅਪਣੀ ਮੌਤ ਦਾ ਖਯਾਲ ਟੋਟੇ ਦੇਂਦਾ ਹੈ। ਕੀ ਜਾਣੀਏਂ ਕਿਸ ਵੇਲੇ ਸੱਦਾ ਆ ਜਾਵੇ ਤੇ ਬਿਨਾ ਮਿਲੇ ਹੀ ਟੁਰ ਪਈਏ। ਜਿਉਂ ਜਿਉਂ ਖੜ ਪੁਜਦੀ ਹੈ, ਤਿਉ ਤਿਉ ਪ੍ਰੇਮ ਦੇ ਸੱਲੇ ਮਨ ਵਿਯੋਗ ਤੇ ਬਿਰਹੋਂ ਵਿਚ ਪੀੜਤ ਹੁੰਦੇ ਹਨ। ਫੇਰ ਉਹ ਮਾਤਾ ਜਿਸਦਾ ਇਕੋ ਪੁਤ ਹੋਵੇ, ਸਿੱਕਾਂ ਨਾਲ ਲਿਆ ਹੋਵੇ, ਵਰ੍ਹਿਆਂ ਬੱਧੀ ਮੁਹਾਡਾਂ ਨਾ ਮੋੜੇ ਤੇ ਮਾਂ ਦੀ ਬ੍ਰਿਧ ਅਵਸਥਾ ਹੋ ਗਈ ਹੋਵੇ, ਉਸ ਮਾਂ ਦਾ ਹੀ ਜੀ ਜਾਣਦਾ ਹੈ ਕਿ ਮਮਤਾ ਕੀ ਸ਼ੈਅ ਹੈ ਮੋਹ ਦੀ ਤੋੜ ਕੀ ਹੈ ? ਤੇ ਪੁੱਤ ਦਾ ਵਿਛੋੜਾ ਕਿਸਦਾ ਨਾਉ ਹੈ? ਵਰ੍ਹਿਆਂ ਤੋਂ ਪੁੱਤ ਨੂੰ ਘਰ ਬਾਹਰੀ ਤੇ ਸੁਖੀ ਵੱਸਦਾ, ਪਰਵਾਰ ਵਿਚ ਨਾਮਣਾਂ ਖੱਟਦਾ, ਵੱਡਿਆਂ ਦੀ ਸੇਵਾ ਕਰਦਾ ਤੇ ਬਿਰਾਦਰੀ ਵਿਚ ਉੱਚਾ ਮੋਢਾ ਕਰਕੇ ਟੁਰਦਾ ਵੇਖਣ ਨੂੰ ਲੁਹੰਦੀ ਲੁਹੰਦੀ ਬਿਰਧ ਹੋ ਗਈ ਹੈ। ਇਸ ਨੇ ਆਪਣੀ ਚਾਹ ਮੂਜਬ ਪੁਤ ਨੂੰ ਫਲਦਾ ਫੁਲਦਾ ਵੇਖਕੇ ਤ੍ਰਿਪਤੀ ਨਹੀਂ ਮਾਣੀ ! ਹਾਂ ਪੁਤ੍ਰ-ਪ੍ਰੇਮ ਕਰਕੇ ਆਪਣੇ ਜਾਣੇ ਅਤ੍ਰਿਪਤ

ਮਾਤਾ ਤ੍ਰਿਪਤਾ, ਉਝ ਭਾਵੇਂ ਸੰਗਤ ਨੂੰ ਤ੍ਰਿਪਤ ਕਰਨਹਾਰੇ ਦੀ ਮਾਤਾ ਹੈ, ਜਿਉ ਜਿਉ ਬਿਰਧ ਹੁੰਦੀ ਹੈ ਰੋਂਦੀ ਹੈ ਤੇ ਹੁਣ ਤਾਂ ਇਨ੍ਹਾਂ ਹੀ ਹਾਹੁਕਾ ਲੈਂਦੀ ਹੈ ਕਿ ਇਕ ਵੇਰ ਸਦਾ ਲਈ ਮਿਟ ਜਾਣ ਵਾਲੇ ਨੇਤ੍ਰਾਂ ਦੇ ਅਖੀਰਲੇ ਮੀਟੇ ਜਾਣ ਤੋਂ ਪਹਿਲਾਂ ਪੁੱਤ ਨੂੰ ਤ੍ਰਿਪਤ ਹੋਕੇ ਵੇਖ ਲਵਾਂ, ਪਰ ਪੁੱਤ ਦੀ ਕੋਈ ਸੋਇ ਸੁੰਧਕ ਨਹੀ ਮਿਲਦੀ। ਕਈ ਸਿਆਲ, ਕਈ ਹੁਨਾਲ ਆਏ ਤੇ ਬੀਤ ਗਏ। ਪਰ ਪੁਤ ਦੇ ਘਰ ਆਏ ਬਿਨਾਂ ਹੀ ਲੰਘ ਗਏ। ਇਕ ਪਾਸੇ ਆਸ ਤੇ ਸਿੱਕ ਅਰ ਦੂਏ ਪਾਸੇ ਨਿਰਾਸਾ ਤੇ ਹਾਹੁਕਾ। ਘਰ ਬੈਠਦੀ ਹੈ, ਅਕਾਸ਼ ਵਲ ਤੱਕਦੀ ਹੈ, ਕਦੇ ਕਦੇ ਕੰਨਲਾਕੇ ਸੁਣਦੀ ਹੈ ਕਿ ਕਿਧਰੋਂ ਅਵਾਜ਼ ਕੰਨੀ ਪੈ ਜਾਏ। ਰੋਂਦੀ ਹੈ ਤੇ ਆਖਦੀ ਹੈ, 'ਹੇ ਬਿਧਨਾ ! ਹੇ ਕਠੋਰ ਬਿਧਨਾਂ ! ਕਦੇ ਰੱਜਕੇ ਪੁੱਤ ਦੇ ਦਰਸ਼ਨ ਨਾ ਹੋਏ, ਪੁਤ ਦਿੱਤਾ ਜਗਤ ਤੋਂ ਸੁਹਣਾ ਤੇ ਚੰਗਿਆਂ ਤੋਂ ਚੰਗੇਰਾ, ਪਰ ਮੇਰਾ ਭਾਗ ਐਸਾ ਮੰਦੇਰਾ ਕੀਤਾ ਕਿ ਕਦੇ ਰੱਜ ਕੇ ਪੁੱਤ ਦਾ ਮੱਥਾ ਵੀ ਨਾ ਵੇਖਿਆ। ਪੁੱਤ ਫਕੀਰੀ ਵਿਚ ਭੰਨਾ ਫਿਰਿਆ ਤੇ ਮਾਂ ਹਾਹੁਕੇ ਲੈਂਦੀ ਫਿਰੀ। ਕਾਲਿਆਂ ਦੇ ਧੌਲੇ ਆਏ। ਸਪੁਤੀ ਹੋਕੇ, ਸੌੜ੍ਹੀ ਹੋਕੇ ਮੈਂ ਆਹਾਂ ਮਾਰਦੀ ਹਾਂ, ਹੇ ਬਿਧਨਾਂ! ਕਿਉਂ ਕਠੋਰਤਾ ਧਾਰੀ ਹੈ?' ਇਸ ਤਰ੍ਹਾਂ ਮਾਈ ਵਿਚਾਰਾਂ ਕਰਦੀ ਵਿਹੜੇ ਵਿਚ ਬੈਠੀ ਹੈ ਕਿ ਕਿਸੇ ਗੁਆਂਢਣ ਨੇ ਆਕੇ ਆਖਿਆ, 'ਲੈ ਨੀ ਬੇਬੇ ਤ੍ਰਿਪਤਾ ! ਤੇਰੇ ਪੁੱਤ ਦਾ ਮਿਰਾਸੀ ਯਾਰ ਘਰ ਆਇਆ ਹਈ।'

ਆਹ ! 'ਮਰਦਾਨਾ'? ਕਹਿਕੇ ਮਾਂ ਦੀਆਂ ਅੱਖਾਂ ਵਿਚੋਂ ਅਥਰੂ ਤਿਰ ਆਈਆਂ, ਹੰਭਲਾ ਮਾਰਕੇ ਉਠੀ, ਮੁੜ੍ਹਕਾ ਮੁੜ੍ਹਕਾ ਹੁੰਦੀ ਕਹਿੰਦੀ ਏ :- ਜਾਵੀਂ ਨੀ ਵੀਰ ਜੀਨੀ। ਮੈਂ ਸਦਕੇ ! ਉਸਨੂੰ ਮੇਰੇ ਕੋਲ ਸੱਦ ਲਿਆ, ਮਾਂ ਸਦਕੇ ਨੀ ਭਜ ਕੇ ਜਾਵੀਂ !

ਗੁਆਂਢਣ ਤਾਂ ਮਰਦਾਨੇ ਵੱਲ ਭੱਜੀ ਤੇ ਉਤਾਵਲੀ ਮਾਂ ਆਪ ਮਗਰੇ ਉੱਠ ਤੁਰੀ, ਅਜੇ ਡਿਉਢੀ ਵਿਚ ਕਦਮ ਹੀ ਧਰਦੀ ਸੀ ਕਿ ਮਰਦਾਨਾ ਆ ਗਿਆ। ਮਮਤਾ ਮਾਰੀ ਮਾਤਾ ਨੇ-

*ਜਬ ਆਵਤ ਦੇਖਯੋ ਮਰਦਾਨਾ। ਗਲ ਸੌ ਲਾ ਵਿਰਾਗ ਬਹੁਰਾਨਾ।*
*ਭਜੋ ਮੋਹ ਸਰਿਤਾ ਸੁਪ੍ਰਵਾਹਾ। ਧੀਰਜ ਸਿਕਤਾ ਸੇਤ ਨਸਾਹਾ।*
ਸ੍ਰੀ ਨਾਨਕ ਕੋ ਭਾ ਅਨੁਰਾਗਾ। ਕੀਨੋ ਜਨਨੀ ਬਹੁ ਬੈਰਾਗਾ।।

(ਗੁ: ਨਾ: ਪ੍ਰ:)

ਕਿੰਨਾ ਚਿਰ ਵੈਰਾਗ ਕਰਕੇ ਮਾਤਾ ਨੇ ਅਪਣੇ ਪੁੱਤ ਦੇ ਬੇਲੀ ਤੋਂ ਪੁੱਤ ਦੀ ਸੁਖ ਸਾਂਦ ਪੁੱਛੀ। ਮਰਦਾਨਾ ਚੁਪ ਕਰਕੇ ਸੁਣ ਰਿਹਾ ਸੀ, ਪਰ ਮਾਤਾ ਅਪਣੇ ਵੇਗ ਵਿਚ ਵੈਰਾਗ ਕਰਦੀ ਗਈ।

*ਨਿਸ ਦਿਨ ਕਰਤਯੋ ਰੁਦਨ ਬਿਤਾਊ। ਕਰ ਉਰ ਯਾਦ ਬੈਠ ਪਛੁਤਾਊ।*
*ਬਿਧ ਨੇ ਇਕ ਸੁਤ ਦੀਨੋਂ ਮੋਹੀ। ਨਹਿ ਸਮੀਪ ਕਬ ਰਾਖਯੋ ਓਹੀ*
*(ਗੁ: ਨਾ: ਪ੍ਰ:)*

ਇੰਨੇ ਨੂੰ ਆਂਢੀ ਗੁਆਂਢੀ 'ਮਰਦਾਨਾ ਆਇਆ' ਸੁਣਕੇ ਤ੍ਰਿਪਤਾ ਜੀ ਦੇ ਘਰ ਆ ਗਏ। ਮਰਦਾਨੇ ਨੂੰ ਪੁੱਛਦੇ ਹਨ। ਪਰ ਉਸ ਗਰੀਬ ਨੂੰ ਸਤਿਗੁਰ ਦੀ ਆਗਯਾ ਪਤਾ ਨਾ ਦੱਸਣੇ ਦੀ ਸੀ। ਉਹ ਡਰਦਾ ਹੈ, ਇਧਰ ਪ੍ਰੇਮ ਦੇ ਵੇਗ ਵੇਖਦਾ ਹੈ, ਜੀ ਹੀ ਜੀ ਵਿਚ ਰੋਂਦਾ ਹੈ ਕਿ ਮੈਂ ਕਿਨ੍ਹਾਂ ਸਿਕਦਿਆਂ ਨੇਤ੍ਰਾਂ ਦੇ ਅੱਗੇ ਬੁੱਲ੍ਹ ਮੀਟੀ ਬੈਠਾ ਹਾਂ। ਪਰ ਉਸਦੀ ਸਦਾ ਜੀਉਂਦੀ ਜੀਭ ਨੇ ਇਸ ਵੇਲੇ ਚੁੱਪ ਵਿਚ ਹੀ ਅਪਣੇ ਅੰਦਰਲੇ 'ਪ੍ਰੇਮ-ਰਾਗ' ਦਾ ਅਲਾਪ ਹੁੰਦਾ ਸਮਝਿਆ। ਚਾਰ ਘੜੀ ਮਾਤਾ ਜੀ ਪਾਸ ਬੈਠ ਰਿਹਾ, ਮਾਤਾ ਜੀ ਕਈ ਵੇਰ ਬੇਸੁੱਧ ਹੋਏ, ਪਰ ਮਰਦਾਨਾ ਕਾਲਜੇ ਤੇ ਪੱਥਰ ਧਰਕੇ ਅਪਣੇ ਚੋਜੀ ਪ੍ਰੀਤਮ ਦੇ ਰੰਗਾਂ ਵਿਚ ਇਕ ਹੋਰ ਰੰਗ ਦੇਖਦਾ, ਬੇਮਲੂੰਮ ਹਾਹੁਕੇ ਭਰਦਾ, ਮਾਤਾ ਜੀ ਨੂੰ ਦਿਲਬਰੀਆਂ ਦੇਂਦਾ ਉੱਠ ਟੁਰਿਆ। ਹੁਣ ਮਾਤਾ ਦੇ ਕਲੇਜੇ ਤੀਰ ਵੱਜਾ। ਨਿਰਾਸਾ ਨੇ ਉਦਾਸੀ ਨੂੰ ਵਧਾਇਆ ਪਰ ਇਸ ਉਦਾਸੀ ਵਿਚ ਇਕ ਸੋਚ ਆਈ ਕਿ ਕੀਹ ਜਾਣੀਏ ਬੱਚਾ ਸਾਧੂ ਹੈ ਇਸ ਕਰਕੇ ਘਰਾਂ ਵਿਚ ਨਾ ਆਇਆ ਹੋਵੇ, ਕਿਤੇ ਨਵੇਕਲੇ ਥਾਂ ਬੈਠਾ ਹੋਵੇ, ਮੈਂ ਮਰਦਾਨੇ ਦੇ ਮਗਰੇ ਮਗਰ ਤਾਂ ਜਾਕੇ ਵੇਖਾਂ।

*ਇਸ ਬਿਰਧ ਮਾਤਾ ਮਨ ਗੁਨਤਿ, ਮਧੁਰ ਅਸਨਲੇ ਓਲ। **
*ਤੂਰਨਗਵਨੀ ਧਾਇ ਕਰ, ਲੀਨੇ ਰੁਚਿਰ ਨਿਚੋਲ। ***
*ਮਿਲੀ ਗੈਲ ਮੈਂ ਜਹਿਂ ਮਰਦਾਨਾ। ਆਤੁਰ ਹ੍ਵੈ ਕਰ ਬਚਨ ਬਖਾਨਾ:-*
*'ਸੁਤ ਨਾਨਕ ਸੋਂ ਮੇਲਹੁ ਮੋਕੋ। ਸੁਧ ਮਰਦਾਨੇ ਹੈ ਕਹੁ ਤੋਕੋ।*
*ਬਹੁਤ ਬਰਖ ਭੇ ਦੇਖਯੋ ਨਾਂਹੀ। ਮੋਹ ਬਢਯੋ ਆਤਿਸ਼ੈ ਮਨ ਮਾਹੀਂ'।*
*ਸੁਨ ਮਰਦਾਨੇ ਤੂਸ਼ਨ*** ਕੀਨੀ। ਗੁਰ ਭੈ ਲਾਖਯੋ, ਨਉੱਤਰ ਦੀਨੀ।*

---

* ਝੋਲੀ ਵਿਚ। ** ਚੋਲ ਬਸਤ੍ਰ। *** ਚੁਪ।



Page 20 www.sikhbookclub.com

ਮਾਤਾ ਜੀ ਹੁਣ ਪ੍ਰੇਮ ਵਿਚ ਅੱਤਿ ਅਕੁਲਾਏ, ਪ੍ਰਸ਼ਾਦਿ ਲਈ ਮਰਦਾਨੇ ਦੇ ਮਗਰ ਮਗਰ ਹਾਹੁਕੇ ਭਰਦੇ, ਧਰਤੀ ਨੂੰ ਆਪਣੇ ਨੈਣ ਜਲ ਨਾਲ ਪਵਿੱਤ੍ਰ ਕਰਦੇ ਟੁਰੇ ਜਾ ਰਹੇ ਹਨ। ਉਮਰਾ ਭਰ ਇਸ ਮਾਨ ਵਿਚ ਰਹੇ ਕਿ 'ਨਾਨਕ' ਪੁੱਤ ਹੈ ਤੇ ਮੈਂ 'ਮਾਂ' ਹਾਂ, ਅੱਜ ਕਰਤਾਰ ਨੇ ਕੀਹ ਰੰਗ ਬਣਾਇਆ ਹੈ? ਵਰ੍ਹਿਆਂ ਦੇ ਬਿਰਹੋ ਨੇ ਮੋਹ ਦੀ ਅੱਗ ਤਿੱਖੀ ਕਰ ਕਰਕੇ ਪ੍ਰੇਮ ਦੇ ਕਿੰਗਰੇ ਪੁਚਾ ਦਿੱਤੀ ਹੈ, ਹੱਥ ਵਿੱਚ ਪ੍ਰਸ਼ਾਦ ਹੈ ਤੇ ਪੁਤ ਨੂੰ, ਹਾਂ ਪੁੱਤ ਸਤਿਗੁਰ ਨੂੰ ਢੂੰਡਣ ਜਾ ਰਹੀ ਹੈ। ਪ੍ਰੇਮ ਦੀ ਤ੍ਰਿਖਾ ਉਸ ਅਣੀ ਤੇ ਅੱਜ ਜਾ ਰਹੀ ਹੈ, ਜਿੱਥੇ ਨਾਮ ਦੀ ਕਣੀ ਜਾਕੇ ਅੜ ਖਾ ਜਾਂਦੀ ਹੈ। ਮਾਤਾ, ਪੁਤ ਨੂੰ ਹੀ ਮਿਲਣ ਜਾ ਰਹੀ ਹੈ, ਪਰ ਚਿੱਤ ਦੀ ਗਤੀ ਅਨਜਾਣੇ ਪ੍ਰੇਮ ਦੀ-ਅਸਲੀ ਆਤਮ ਪ੍ਰੇਮ ਦੀ-ਤਾਰ ਵਾਲੀ, ਹੁੰਦੀ ਜਾ ਰਹੀ ਹੈ।

ਜਦ ਮਰਦਾਨਾ ਖੂਹ ਤੇ ਪਹੁੰਚਾ, ਤਾਂ ਮਾਤਾ ਦੇ ਤ੍ਰਾਸੇ ਤੇ ਸਿਕਾਂ ਨਾਲ ਭਰੇ ਨੇਤ੍ਰਾਂ ਵਿਚ ਪਿਆਰੇ ਪੁੱਤ ਦੀ ਮੋਹਿਨੀ ਮੂਰਤ ਆ ਪਈ, ਧਾਕੇ ਭੱਜੀ, ਪਰ ਉਸ ਪਿਆਰਾਂ ਤੇ ਸਤਿਕਾਰਾਂ ਵਾਲੇ ਸਾਂਈ ਨੇ ਉੱਠਕੇ ਮਾਤਾ ਜੀ ਦੇ ਚਰਨਾਂ ਤੇ ਬੰਦਨਾ ਕੀਤੀ, ਲੁਹੰਦੀ ਮਾਂ ਨੇ ਪੁੱਤ ਨੂੰ ਗਲੇ ਲਾਕੇ ਘੁੱਟ ਲਿਆ। ਰੌਂਦੀ ਨੇ ਨੈਂ ਵਹਾ ਦਿਤੀ, ਤਰਸਦੀ ਮਾਤਾ ਨੂੰ ਇਨ੍ਹਾਂ ਦਰਸ਼ਨਾਂ ਤੇ ਮੇਲ ਦੀ ਸਿੱਕ ਨੂੰ ਕੌਣ ਵਰਣਨ ਕਰੇ? ਕਵੀ ਸੰਤੋਖ ਸਿੰਘ ਜੀ ਲਿਖਦੇ ਹਨ-

*ਕੌਰੀ* ਭਰ ਨਾਨਕ ਕੋ ਜਨਨੀ।*
*ਰੋਦਨ ਕਰਤ ਨ ਜਾਈ ਗਨਨੀ।*
*ਚਲਯੋ ਬਿਲੋਚਨ ਤੇ ਬਹੁ ਨੀਰੀ।*
*ਸੁਤ ਬਿਰਹਾਨਲ ਜਨੁ ਕਰ ਸੀਰੀ।*
*ਅੱਸ਼੍ਰਪਾਤ ਸੋ ਬਸਤ੍ਰ ਭਿਗੋਏ।*
*ਜੋ ਦੇਖਤ ਸੋ ਗਦ ਗਦ ਹੋਏ।*
*ਕੌਰੀ ਤੇ ਸੁਤ ਕੋ ਨਹਿਂ ਭਜਈ।*
*ਅਧਿਕ ਬਿਰਹ ਤੇ ਮਿਲਤ ਨ ਰਜਈ।*
*ਬਦਨ ਬਿਲੋਕਤ ਸੂੰਘਤਾ ਮਾਥਾ।*
*ਕਰਤ ਨੇਹ ਸਿਰ ਫੇਰਤ ਹਾਥਾ।*
*ਹੁਤੀ ਬ੍ਰਿੱਧ ਬਲ ਤੇ ਤਨਹੀਨਾ।*
*ਪੁਨ ਸਮੀਪ ਬੈਸੀ ਸੁਖ ਲੀਨਾ।*

---

* *ਜੱਫੀ*

ਇੰਨੇ ਚਿਰ ਨੂੰ ਸਾਰੀ ਤਲਵੰਡੀ ਵਿਚ ਇਹ ਖਬਰ ਫੈਲ ਗਈ ਕਿ ਗੁਰ ਨਾਨਕ ਦੇਵ ਆਇਆ ਹੈ ਤੇ ਬਾਹਰ ਖੂਹ ਤੇ ਬੈਠਾ ਹੈ। ਬਾਬਾ ਕਾਲੂ, ਬਿੱਧ ਬਾਬਾ ਕਾਲੂ, ਮੇਰੇ ਪਿਆਰੇ ਗੁਰ ਨਾਨਕ ਨੂੰ ਕਦੇ ਗੁੱਸੇ ਹੋਣ ਵਾਲਾ ਬਾਬਾ ਕਾਲੂ ਬੀ ਸੁਣਕੇ ਘੋੜੀ ਚੜ੍ਹਕੇ ਆਯਾ। ਹੁਣ ਵਿਛੋੜੇ ਨੇ ਕਦਰ ਪਾ ਦਿੱਤੀ ਹੈ, ਹੁਣ ਲੰਮੇ ਬਿਰਹੋਂ ਨੇ ਦੱਸ ਦਿੱਤਾ ਹੈ ਕਿ ਉਹ ਚੰਦ੍ਰਮੁਖ ਜਿਸ ਨਾਲੋਂ ਵੀਹ ਰੁਪੱਯੇ ਪਿਆਰੇ ਕੀਤੇ ਸਨ, ਲੱਖੀ ਤੇ ਕਰੋੜੀ ਨਹੀ ਲੱਭ ਸਕਦਾ। ਹੁਣ ਜੁਦਾਈਆਂ ਦੀਆਂ ਪੀੜਾਂ ਨੇ ਮੱਤ ਦੇ ਦਿੱਤੀ ਹੈ ਕਿ ਓਹ ਕਮਲ ਨੈਣ ਸੁੰਦਰ ਬਦਨ ਜੀਵਨ ਦਿੱਤਿਆਂ ਬੀ ਮਿਲੇ ਤਾਂ ਸਸਤਾ ਹੈ। ਹਾਂ, ਬਾਬੇ ਕਾਲੂ ਦੇ ਹਿਰਦੇ ਨੂੰ ਬੀ ਬਿਰਹੋਂ ਸੁਲਤਾਨ ਨੇ ਕੁਛ ਵਿੰਨ੍ਹ ਘੱਤਿਆ ਹੈ, 'ਕਿਵੇਂ ਕਾਹਲੀ ਪਹੁੰਚਾਂ ਤੇ ਚੰਦ੍ਰ ਮੁਖੜਾ ਤੱਕਾਂ' ਸੋਚਦਾ 'ਬਾਬਾ ਕਾਲੂ ਘੋੜੀ ਤੇ ਚੜ੍ਹ ਕੇ ਸਰਪੱਟ ਨਠਾ ਕੇ ਪਹੁੰਚਾ। ਓਹ ਜਗਤ ਦੇ ਪਿਤਾ, ਮ੍ਰਿਯਾਦਾ ਦੇ ਪੂਰੇ, ਅਪਣੇ ਪਿਤਾ ਦੇ ਚਰਨਾਂ ਤੇ ਢਹਿਣ ਨੂੰ ਉਠੇ, ਪਰ ਵਿਛੋੜੇ ਦੇ ਤਾਓ ਨਾਲ ਸ਼ੁੱਧ ਹੋ ਰਹੇ ਪਿਤਾ ਨੇ ਧਾ ਕੇ ਗਲੇ ਲਾਯਾ ਅਰ ਐਉਂ ਪਿਆਰ ਕੀਤਾ :-

*ਜਨੁ ਬਹੁ ਭੂਖੇ ਮਿਲਯੋ ਅਹਾਰਾ।*  
*ਮਰਤਯੋ ਪਯਾਸੇ ਪਾਯੋ ਬਾਰਾ**  
*ਨੀਰ ਬਿਮੋਚਤ ਲੋਚਨਦਰ ਤੇ।*  
*ਗਦ ਗਦ ਬੋਲਯੋ ਜਾਇਨ ਗਰ ਤੇ।*

ਕੁਛ ਚਿਰ ਮਗਰੋਂ ਸਾਰੇ ਸਨਬੰਧੀ ਤੇ ਸਨੇਹੀ ਉਥੇ ਆ ਗਏ। ਵਿਚਕਾਹੇ ਪ੍ਰੇਮ ਮੰਡਲ ਦੇ ਚੰਦ ਬਿਰਾਜ ਰਹੇ ਹਨ ਅਰ ਦੁਆਲੇ ਪਰਿਵਾਰ ਦਾ ਪਰਿਵਾਰ ਪੈ ਗਿਆ ਹੈ।

ਮਾਤਾ ਨੇ ਹੁਣ ਸਹਿਜ ਨਾਲ ਕਿਹਾ 'ਹੇ ਲਾਲ ! ਬਹੁਤ ਬਰਸ ਬਿਤਾ ਕੇ ਘਰ ਆਏ ਹੋ, ਮੈਂ ਸਦਕੇ, ਮੈਨੂੰ ਅੰਤ ਤੋਂ ਪਹਿਲੇ ਦਰਸਨ ਦੇਕੇ ਨਿਹਾਲ ਕੀਤਾ।

*'ਮੈਂ ਵਾਰੀ ਸੁਤ ! ਤੋ ਪਰ ਵਾਰੀ'।*  
*ਵਾਰ ਵਾਰ ਕਹਿ ਗੁਰ ਮਹਤਾਰੀ।* *(ਗੁ:ਨਾ:ਪ੍ਰ:)*

---

* ਜਲ।

ਸੁਣਕੇ ਸ੍ਰੀ ਗੁਰੂ ਅਪਨੇ ਵਾਹਿਗੁਰੂ ਦੇ ਪਯਾਰ ਵਿਚ ਦੂਵ ਗਏ ਤੇ ਵਡਹੰਸ ਦੇ ਵੈਰਾਗ ਭਰੀ ਸੁਰ ਵਿਚ ਗਾਵੇਂ, ਸ੍ਰੀ ਗੁਰੂ ਜੀ ਬੋਲੇ :-

*ਅਮਲੀ ਅਮੁਲ ਨ ਅੰਬੜੈ ਮਛੀ ਨੀਰੁ ਨ ਹੋਇ।।*
*ਜੋ ਰਤੇ ਸਹਿ ਆਪਣੈ ਤਿਨ ਭਾਵੈ ਸਭੁ ਕੋਇ।।੧।।*
*ਹਉ ਵਾਰੀ ਵੰਞਾ ਖੰਨੀਐ ਵੰਞਾ*
*ਤਉ ਸਾਹਿਬ ਕੇ ਨਾਵੈ।।੧।।ਰਹਾਉ।।*
*ਸਾਹਿਬ ਸਫਲਿਓ ਰੁਖੜਾ ਅੰਮ੍ਰਿਤ ਜਾਕਾ ਨਾਉ।।*
*ਜਿਨ ਪੀਆ ਤੇ ਤ੍ਰਿਪਤ ਭਏ ਹਉ ਤਿਨ ਬਲਿਹਾਰੈ ਜਾਉ।।੨।।*
*ਮੈ ਕੀ ਨਦਰਿ ਨ ਆਵਹੀ ਵਸਹਿ ਹਭੀਆ ਨਾਲਿ।।*
*ਤਿਖਾ ਤਿਹਾਇਆ ਕਿਉ ਲਹੈ ਜਾ ਸਰਿ ਭੀਤਰਿ ਪਾਲਿ।।੩।।*
*ਨਾਨਕੁ ਤੇਰਾ ਬਾਣੀਆ ਤੂ ਸਾਹਿਬੁ ਮੈ ਰਾਸਿ।।*
ਮਨ ਤੇ ਧੋਖਾ ਤਾ ਲਹੈ ਜਾ ਸਿਫਤਿ ਕਰੀ ਅਰਦਾਸਿ।।੪।।੧।।*

ਜਦ ਚੁਪ ਹੋਏ ਨੈਣ ਖੁਹਲੇ ਤਦ ਮਾਤਾ ਨੇ ਪ੍ਰਸ਼ਾਦਿ ਅੱਗੇ ਧਰਿਆ ਤੇ ਕਿਹਾ-ਲਾਲਾ ਜੀ ! ਖਾਓ। ਸੁਣਕੇ ਸ੍ਰੀ ਗੁਰੂ ਨਾਨਕ ਜੀ ਨੇ ਕਿਹਾ-ਹੇ ਮਾਤਾ ! ਮੈਂ ਇਕ ਐਸਾ ਭੋਜਨ ਖਾਯਾ ਹੈ ਕਿ ਮੈਨੂੰ ਭੁੱਖ ਨਹੀ ਸਤਾਉਂਦੀ। ਮੈਂ ਰੱਜਿਆ ਹਾਂ ਤ੍ਰਿਪਤ ਹਾਂ ਤੇ ਅਘਾ ਰਿਹਾ ਹਾਂ। ਬਾਬੇ ਕਾਲੂ ਨੇ ਅਚਰਜ ਹੋਕੇ ਕਿਹਾ-ਹੇ ਤਾਤ ! ਐਸੀ ਕੀ ਵਸਤੂ ਤੁਸਾਂ ਨੇ ਛਕੀ ਹੈ, ਜੋ ਭੁੱਖ ਹੀ ਨਹੀਂ ਲਗਦੀ ? ਤਾਂ ਉਚਾਰ ਹੋਇਆ :-

*ਸਭਿ ਰਸ ਮਿਠੇ ਮੰਨਿਐ ਸੁਣਿਐ ਸਾਲੋਣੇ।।*
*ਖਟ ਤੁਰਸੀ ਮੁਖਿ ਬੋਲਣਾ ਮਾਰਣ ਨਾਦ ਕੀਏ।।੧।।*
*ਛਤੀਹ ਅੰਮ੍ਰਿਤ ਭਾਉ ਏਕੁ ਜਾਕਉ ਨਦਰਿ ਕਰੇਇ।।*
*ਬਾਬਾ ਹੋਰੁ ਖਾਣਾ ਖੁਸੀ ਖੁਆਰੁ।।*
ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ।।੧।।ਰਹਾਉ।।
*(ਵਡਹੰਸ ਮ: ੨)*

ਇਸ ਪਰ ਮਾਤਾ ਪਿਤਾ ਦੇ ਕਲੇਜੇ ਕੁਛ ਨੋਕ ਚੁਭੀ, ਪਰ ਅਜੇ ਮਾਯਾ ਦੇ ਬਾਗ ਅਖਾਂ ਅਗੇ ਹਨ, ਅਜੇ ਆਸ਼ਾ ਹੈ ਕਿ ਪੁੱਤ ਘਰ ਆ ਬੈਠੇ ਤੇ ਅਖਾਂ ਠਾਰੇ। ਮਾਤਾ ਜੀ ਨੇ ਸਹਿਜ ਨਾਲ ਕਿਹਾ ਹਾਂ ਪੁਰਾਣੇ ਕਪੜੇ ਲਾਹਕੇ

---

* ਇਹ ਸ਼ਬਦ ਰਾਗ ਵਡਹੰਸ ਮ:੧ ਵਿਚ ਹੈ।




www.sikhbookclub.com

ਨਵੇਂ ਤੇ ਚਿੱਟੇ ਪਹਿਨਣੇ ਲਈ ਕਿਹਾ, ਤਦ ਸਤਿਗੁਰ ਨੇ ਆਖਿਆ, ਮੈਂ ਉਹ ਜਾਮਾ ਪਾਯਾ ਹੈ ਜੋ ਨਾ ਪਾਟਦਾ ਹੈ ਨਾ ਮੈਲਾ ਹੁੰਦਾ ਹੈ।

ਤਦ ਪਿਤਾ ਕਿਹਾ, 'ਉਹ ਕਪੜੇ ਅਸਾਨੂੰ ਤਾਂ ਦਿੱਸ ਨਹੀ ਆਂਵਦੇ?' ਤਦ ਆਪ ਬੋਲੇ :-

*ਰਤਾ ਪੈਨਣੁ ਮਨੁ ਰਤਾ ਸੁਪੇਦੀ ਸਤੁ ਦਾਨ।।*
*ਨੀਲੀ ਸਿਆਹੀ ਕਦਾ ਕਰਣੀ ਪਹਿਰਣੁ ਪੈਰ ਧਿਆਨੁ।।*
*ਕਮਰਬੰਦੁ ਸੰਤੋਖ ਕਾ ਧਨ ਜੋਬਨੁ ਤੇਰਾ ਨਾਮ।।੨।।*
*ਬਾਬਾ ਹੋਰੁ ਪੈਨਣੁ ਖੁਸੀ ਖੁਆਰ।।*
ਜਿਤੁ ਪੈਧੇ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ।।੧।।ਰਹਾਉ।।

ਫਿਰ ਪਿਤਾ ਨੇ ਕਿਹਾ, 'ਘਰ ਰਹੋ ਹੁਣ, ਆਰਾਮ ਕਰੋ, ਘੋੜਿਆਂ ਤੇ ਚੜ੍ਹੋ ਸੁਖ ਪਾਵੋ, ਹੁਣ ਅਸੀ ਕੰਮ ਕਰਨ ਨੂੰ ਨਹੀ ਆਖਦੇ, ਸਾਡੇ ਕਮਾਏ ਪਰ ਸੁਖ ਪਾਓ, ਸਾਨੂੰ ਦਰਸ਼ਨ ਦਿਓ, ਦੂਰ ਨਾ ਜਾਓ।'

ਤਦ ਸ੍ਰੀ ਗੁਰੂ ਜੀ ਨੇ ਆਖਿਆ :-

*ਘੋੜੇ ਪਾਖਰ ਸੁਇਨੇ ਸਾਖਤਿ ਬੂਝਣੁ ਤੇਰੀ ਵਾਟ।।*
*ਤਰਕਸ ਤੀਰ ਕਮਾਣ ਸਾਂਗ ਤੇਗ ਬੰਦ ਗੁਣ ਧਾਤੁ।।*
*ਵਾਜਾ ਨੇਜਾ ਪਤਿ ਸਿਉ ਪਰਗਟੁ ਕਰਮੁ ਤੇਰਾ ਮੇਰੀ ਜਾਤਿ।।੩।।*
*ਬਾਬਾ ਹੋਰੁ ਚੜਨਾ ਖੁਸੀ ਖੁਆਰੁ।।*
*ਜਿਤੁ ਚੜਿਐ ਤਨੁ ਪੀੜੀਐ*
ਮਨ ਮਹਿ ਚਲਹਿ ਵਿਕਾਰ।।੧।।ਰਹਾਉ।।

ਫਿਰ ਮਾਤਾ ਨੇ ਕਿਹਾ 'ਲਾਲਾ ਜੀ ! ਘਰ ਚੱਲੋ ਪਰਵਾਰ ਵਿਚ ਵਸੋ, ਸਾਰਿਆਂ ਨੂੰ ਸਦੀਏ ਖੁਸ਼ੀਆਂ ਕਰੀਏ। ਅਸਾਂ ਘਰ ਨਵਾਂ ਉਸਾਰਿਆ ਹੈ, ਤੁਸੀ ਵਸੋ, ਵਿਚ ਵਸਦੇ ਤੇ ਸੁਖ ਪਾਵਦੇ ਦਿੱਸੋਂ'। ਤਾਂ ਸ੍ਰੀ ਗੁਰੂ ਜੀ ਬੋਲੇ :-

*ਘਰ ਮੰਦਰ ਖੁਸੀ ਨਾਮਕੀ ਨਦਰਿ ਤੇਰੀ ਪਰਵਾਰੁ।।*
*ਹੁਕਮੁ ਸੋਈ ਤੁਧੁ ਭਾਵਸੀ ਹੋਰੁ ਆਖਣੁ ਬਹੁਤੁ ਅਪਾਰ।।*
*ਨਾਨਕ ਸਚਾ ਪਾਤਿਸਾਹੁ ਪੂਛਿ ਨ ਕਰੇ ਬੀਚਾਰੁ।।੪।।*
*ਬਾਬਾ ਹੋਰੁ ਸਉਣਾ ਖੁਸੀ ਖੁਆਰ।।*



 www.sikhbookclub.com

ਜਿਤੁ ਸੁਤੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ।।੧।। ਰਹਾਉ।।੪।।

ਫੇਰ ਆਪ ਬੋਲੇ :-

*ਸੁਨ ਜਨਨੀ ਮਮ ਬਚਨ ਕੋ ਅਬ ਲੋ ਰਿਦਾ ਉਦਾਸ।।*
*ਦੇਸ ਬਦੇਸ ਬਿਲੋਕ ਕੇ ਬਹੁਰੇ ਅਵਾਸ।।*
*ਤਦ ਮਾਤਾ ਜੀ ਬੋਲੇ :-*
*ਹੇ ਸੁਤ ! ਤੈ ਆਸ ਬੈਨ ਉਚਾਰੇ ਰਿਦੇ ਸ਼ਾਂਤਿ ਕਿਉ ਆਣ ਹਮਾਰੇ।*
*ਦ੍ਵਾਦਸ਼ ਬਰਖ ਬਤੀਤੇ ਆਏ।*
*ਪ੍ਰਵਿਸ਼ੇ ਸਦਨ ਨ ਪਗ ਇਕ ਪਾਏ।*
*ਵਹਿਰ ਤੇ ਵਹਿਰ ਕਰਹੁ ਤੁਮ ਪਯਾਨਾ।*
*ਹਮਰੋ ਕਹਯੋ ਨ ਇਕ ਮਨ ਮਾਨਾ।*
*ਕਿਹ ਦੁਖ ਤੇ ਮਨਕੀਨ ਉਦਾਸੁ।*
*ਜਿਉ ਤੁਮ ਕਹਉ ਕਰੈਂ ਤਿਮ ਆਸੂ।*
*ਨਿਜ ਇਸਤ੍ਰੀ ਕਉ ਜੇ ਦੁਖ ਮਾਨਉ।*
*ਔਰ ਬਯਾਹ ਕਰ ਦੇਹਿੰ, ਬਖਾਨਉ।*
*ਸਭ ਕਿਛੁ ਘਰਿ ਮਹਿੰ ਦੀਨ ਬਿਧਾਤਾ।*
*ਜਿਉ ਤੁਮ ਚਹਹੁ ਕਰਹਿੰ ਤਿਉ ਤਾਤਾ !*

ਇਹ ਸੁਣ ਕੇ ਸ੍ਰੀ ਗੁਰੂ ਜੀ ਹੱਸੇ ਤੇ ਰਾਗ ਸੂਹੀ ਛੰਤ ਮਹਲਾ ੧ ਦਾ ਸ਼ਬਦ 'ਜਿਨਿ ਕੀਆ ਤਿਨ ਦੇਖਿਆ ਜਗੁ ਧੰਧੜੈ ਲਾਇਆ, ਬੋਲਿਆ।

ਤਦ ਬਾਬੇ ਆਖਿਆ, 'ਪਿਤਾ ਜੀ, ਮਾਤਾ ਜੀ, ਉਹ ਬਿਧਾਤਾ ਪੁਰਖੁ ਹੈ, ਉਹ ਭੁਲਣੈ ਵਿਚਿ ਨਹੀ। ਜੋ ਓਸਿ ਸੰਜੋਗ ਕੀਤਾ ਹੈ, ਸੋ ਭਲਾ ਕੀਤਾ ਹੈ'। ਤਾਂ ਮਾਤਾ ਆਖਿਆ, 'ਬੱਚਾ ਤੂੰ ਉਠ ਚਾਲ, ਅਵਾਈਆਂ ਛੋਡ, ਫਿਰਿ ਕਿਆ ਸੰਜੋਗ ਬਣੇਗਾ, ਜਿਤੁ ਫਿਰ ਮਿਲਹਿੰਗਾ।' ਤਾਂ ਬਾਬੇ ਸਬਦੁ ਕੀਤਾ :

*ਰਾਗੁ ਮਾਰੂ ਮਹਲਾ ੧।।*
*ਪਿਛਹੁ ਰਾਤੀ ਸਦੜਾ ਨਾਮੁ ਖਸਮ ਕਾ ਲੇਹਿ।।*
*ਖੇਮੇ ਛਤ੍ਰ ਸਿਗਇਦੇ ਦਿਸਨਿਰਥ ਪੀੜੇ।।*
*ਜਿਨੀ ਤੇਰਾ ਨਾਮੁ ਧਿਆਇਆ ਤਿਨ ਕਉ ਸਦਿ ਮਿਲੇ।।੧।।*

*ਬਾਬਾ ਮੈ ਕਰਮਹੀਣ ਕੂੜਿਆਰ।।*
*ਨਾਮੁ ਨ ਪਾਇਆ ਤੇਰਾ ਅੰਧਾ*
*ਭਰਮਿ ਭੂਲਾ ਮਨੁ ਮੇਰਾ।।੧।।ਰਹਾਉ।।*
*ਸਾਦ ਕੀਤੇ ਦੁਖ ਪਰਫੁੜੇ ਪੂਰਬਿ ਲਿਖੇ ਮਾਇ।।*
*ਸੁਖ ਥੋੜੇ ਦੁਖ ਅਗਲੇ ਦੂਖੇ ਦੂਖਿ ਵਿਹਾਇ।।੨।।*
*ਵਿਛੁੜਿਆ ਕਾ ਕਿਆ ਵੀਛੁੜੈ ਮਿਲਿਆ ਕਾ ਕਿਆ ਮੇਲੁ।।*
*ਸਾਹਿਬੁ ਸੋ ਸਾਲਾਹੀਐ ਜਿਨਿ ਕਰਿ ਦੇਖਿਆ ਖੇਲੁ।।੩।।*
*ਸੰਜੋਗੀ ਮੇਲਾਵੜਾ ਇਨਿਤਨਿ ਕੀਤੇ ਭੋਗ।।*
*ਵਿਜੋਗੀ ਮਿਲਿ ਵਿਛੁੜੇ ਨਾਨਕ ਭੀ ਸੰਜੋਗ।।੪।।੧।।*

ਤਬ ਬਾਬੇ ਆਖਿਆ, 'ਪਿਤਾ ਜੀ, ਮਾਤਾ ਜੀ, ਅਸੀਂ ਜੋ ਆਏ ਹਾਂ, ਜੋ ਕਹਿਆ ਥਾ ਆਵਹਿਗੇ, ਪਰ ਤੁਸੀ ਹੁਣ ਆਗਿਆ ਮੰਨ ਲੈਹੋ, ਅਸੀ ਅਜੇ ਉਦਾਸ ਹਾਂ।' ਤਦ ਮਾਤਾ ਕਿਹਾ, 'ਬੇਟਾ, ਮੇਰੇ ਮਨ ਸੰਤੋਖ ਕਿਉ ਕਰ ਹੋਵੇਗਾ, ਜੋ ਤੂੰ ਬਹੁਤੀ ਵਰਹੀ ਉਦਾਸੀ ਕਰਕੇ ਆਇਆ ਹੈਂ।' ਤਬ ਬਾਬੇ ਕਹਿਆ, 'ਮਾਤਾ ਤੂੰ ਬਚਨ ਮੰਨ ਤੈਨੂੰ ਸੰਤੋਖ ਆਵੇਗਾ।' ਅਸੀ ਹੁਣ ਇਸ ਗਿਰਦ ਨਿਵਾਹੀ ਦਾ ਮੇਲ ਕਰਾਂਗੇ ਤੇ ਫੇਰ ਛੇਤੀ ਹੀ ਤੁਸਾਂ ਪਾਸ ਆਵਾਂਗੇ। (ਬਾ: ਵਾ: ਜ: ਸਾਖੀ ੩੮੨) ਤਾਂ ਮਾਤਾ ਚੁਪ ਕਰ ਰਹੀ।

ਉਧਰ ਰਾਇ ਬੁਲਾਰ ਤਕ ਬੀ ਖਬਰ ਅੱਪੜ ਗਈ ਸੀ ਕਿ ਗੁਰੂ ਜੀ ਆਏ ਹਨ। ਉਸ ਪੱਕੀ ਖਬਰ ਮੰਗਵਾਈ ਤੇ ਤੁਰਨ ਲਈ ਤਯਾਰ ਹੋਇਆ, ਪਰ ਦਿਲਾਂ ਦਾ ਸਾਹਿਬ ਜਾਣਦਾ ਸੀ ਕਿ ਰਾਇ ਦਾ ਸਰੀਰ ਬਿਰਧ ਹੈ, ਸੋ ਆਪ ਚਲ ਕੇ ਉਸ ਪਾਸ ਆ ਪਹੁੰਚੇ। ਸਿੱਕਾਂ ਸਧਰਾਂ ਦਾ ਰੂਪ ਰਾਇ ਇਹ ਦੇਖਕੇ ਬਹੁਤ ਖੁਸੀ ਹੋਇਆ, ਬੇਵੱਸਾ ਹੋ ਚਰਨਾਂ ਤੇ ਢੱਠਾ, ਪਰ ਗੁਰੂ ਬਾਬੇ ਨੇ ਨਿਓਦੇਂ ਸਿਰ ਨੂੰ ਬੋਚ ਕੇ ਗਲੇ ਲਾ ਲਿਆ, ਦੁਇ ਘੁੱਟ ਘੁੱਟ ਕੇ ਮਿਲੇ। ਫੇਰ ਰਾਇ ਨੇ ਆਪ ਨੂੰ ਪਲੰਘ ਤੇ ਬਿਠਾਯਾ ਤੇ ਸਫਰਾਂ ਦੇ ਹਾਲ ਪੁੱਛੇ ਸੁਣੇ ਤੇ ਠੰਢਾਂ ਲਈਆਂ। ਰਾਤ ਗੁਰੂ ਜੀ ਉਸੇ ਪਾਸ ਰਹੇ ਤੇ ਅਗਲੇ ਦਿਨ ਫੇਰ ਤਿਆਰ ਹੋ ਪਏ। ਰਜਾ ਦੇ ਪ੍ਰੇਮੀ ਰਾਇ ਨੇ ਰਜਾ ਸਿਰ ਧਰੀ ਤੇ ਆਖਿਆ:-ਮੇਰਾ ਅੱਗਾਹ ਸਵਾਰਨਾ, ਮੈਂ ਤੁਧੇ ਦੇ ਆਸਰੇ ਹਾਂ।

ਟੁਰ ਪਏ ਸੁਹਣੇ ਦਾਤਾ ਜੀ ਹੁਣ ਇਕ ਚੱਕਰ ਲਾਉਣ ਸਵਦੇਸ਼ ਵਿਚ ਸਭ ਦਾ ਭਲਾ ਕਰਨ ਤਾਂ 'ਸਰਬਤ ਦੇ ਭਲੇ' ਦਾ ਅਸੂਲ ਵੰਡਣ ਵਾਲੇ ਦਾਤਾ ਤੁਰ ਪਏ ਮਿਠੀ ਮਿਠੀ ਸਮੀਰ ਵਾਂਙੂ ਠੰਢੀ ਪਾਉਣ ਤੇ ਭਲੇ ਕਰਨ। ਦੇਖੋ ਮਰਦਾਨਾ ਸੁਹਣਾ ਕੀਰਤਨੀਆਂ ਗੁਰੂ ਕਾ ਪਿਆਰਾ ਤੇ ਪ੍ਰੇਮੀ ਕਿਥੇ ਹੈ, ਓਹ ਸ੍ਰੀ ਗੁਰੂ ਜੀ ਦੇ ਟੁਰਨ ਤੋਂ ਪਹਲੇ-ਹਾਜਰ ਸੜਕ ਤੇ ਖੜਾ ਹੈ, ਸੁਹਣੀ ਸਮੀਰ ਦੇ ਮਗਰ ਸੀਤਲ ਤਾਈ ਵਾਂਙੂ ਰੁਮਕ ਰੁਮਕ ਰੁਮਕਦਾ ਜਾ ਰਿਹਾ ਹੈ।